ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ਮਾਸਕ ੧੯ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ

ਪਟਿਆਲਾ

## ਗੁਰੂ ਕਾਸ਼ੀ

ਸਤੰਬਰ ੧੯੬੮

SEPTEMBER 1968



ਤਖਤ ਸ੍ਰੀ ਦਮਦਮਾ ਸਾਹਿਬ (ਬਠਿੰਡਾ) ਜਿਥੇ 7-8-9 ਸਤੰਬਰ 1968 ਨੂੰ ਬੜਾ ਭਾਰੀ ਅਖੰਡ ਕੀਰਤਨ ਸਮਾਗਮ ਹੋ ਰਿਹਾ ਹੈ।

www.AKJ.Org

# {} ਲੇਖ-ਸੂਚੀ {}


| ਨੰ. | ਲੇਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ (ਦੋਸ ਕਰੰਮਾ ਆਪਣਿਆ) | ੪ | ਐਡੀਟਰ |
| ੨. | ਸਾਲਾਨਾ ਅਖੰਡ ਕੀਰਤਨ ਸਮਾਗਮ ਦਿਲੀ | ੫ | ਅਖੰਡ ਕੀਰਤਨੀ ਜਥਾ, ਦਿਲੀ |
| ੩. | ਗੁਰੂ ਤੇ ਸਿਖ ਦਾ ਸੰਬੰਧ ਕੀ ਹੈ ? | ੬ | ਬੀਬੀ ਸਤਵੰਤ ਕੌਰ ਜੀ ਡੇਹਰਾਦੂਨ |
| ੪. | ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ | ੭ | ਗੁਰਪੁਰਵਾਸੀ ਭਾ: ਸਾ: ਭਾ.ਰਣਧੀਰ ਸਿੰਘ ਜੀ |
| ੫. | ਅੰਮ੍ਰਿਤ ਵੇਲਾ | ੧੨ | ਡਾ: ਤੇਜਇੰਦਰ ਸਿੰਘ ਜੀ, ਭੂਪਾਲ |
| ੬. | ਕੀ ਸ੍ਰੀ ਕਬੀਰ ਦਾਸ ਜੀ ਹਿੰਦੂ ਸਨ ? | ੧੭ | ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ |
| ੭. | ਦਸਮੇਸ਼ ਉਪਕਾਰ (ਕਵਿਤਾ) | ੨੬ | ਭਾ: ਗੁਰਮੀਤਪਾਲ ਸਿੰਘ 'ਵਾਰਿਸ' ਭੂੰਦੀਆਂ |
| ੮. | ਖ਼ਾਲਸੇ ਨੂੰ ਇਕ ਵੰਗਾਰ. ਪ੍ਰੇਮ ਸਹਿਤ ? | ੨੭ | ਭਾ: ਮਨਮੋਹਨ ਸਿੰਘ ਜੀ 'ਬੱਲ' ਬੁਤਾਲਾ |
| ੯. | ਪੁਕਾਰ (ਕਵਿਤਾ) | ੩੦ | ਸ: ਕਰਤਾਰ ਸਿੰਘ ਜੀ 'ਰਾਹੀ' ਲਖਨਊ |
| ੧੦. | ਕੇਸਕੀ ਤੇ ਕੀਰਤਨ | ੩੨ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ |
| ੧੧. | ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੩੭ | ਇਕ ਇਤਿਹਾਸਕ ਖੋਜੀ ਦੀ ਕਲਮ ਤੋਂ |
| ੧੨. | ਐਡੀਟਰ ਦੀ ਡਾਕ | ੩੮ | ਭਾ: ਜਗਦੀਸ਼ ਸਿੰਘ ਜੀ ਸਕੱਤਰ ਗੁ: ਸਿੰਘ ਸਭਾ, ਖਬਾਤ (ਗੁਜਰਾਤ) |
| ੧੩. | ਗੁਰਮਤਿ ਦੇ ਝਰੋਖੇ ਤੋਂ | ੪੦ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੧੪. | ਧੰਨ ਸਤ ਸੰਗਤ ਸੰਤ ਸਹਾਈ ਰਾਮ ਕੇ | ੪੨ | ਭਾ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰੀ |
| ੧੫. | ਪੰਜ ਪਿਆਰਿਆਂ ਦੀ ਚੋਣ | ੪੩ | ਭਾ: ਬਖਸ਼ੀਸ਼ ਸਿੰਘ ਜੀ ਗਿਆਨੀ ਡੇਰਾਬਸੀ |
| ੧੬. | ਗੁਰੂ ਕਾਂਸ਼ੀ ਦੀ ਸਾਰ ਲਵੋ | ੪੪ | ਸ: ਗਿਆਨ ਸਿੰਘ ਜੀ ਰਾੜੇਵਾਲਾ |
| ੧੭. | ਕੇਸ ਅਤੇ ਸਿਖ-ਇਜ਼ਮ | ੪੬ | ਭਾ. ਗੁਰਚਰਨ ਸਿੰਘ ਜੀ ਐਮ.ਏ. ਜਲੰਧਰ |
| ੧੮. | ਦਮਦਮੀ ਬੀੜ ਦੇ ਪਹਿਲੇ ਪ੍ਰਕਾਸ਼ ਦਾ ਉਤਸ਼ਵ | ੪੯ | ਮੈਨੇਜਰ, ਤਖ਼ਤ ਸ੍ਰੀ ਦਮਦਮਾ ਸਾਹਿਬ |


## ਮੰਡੀ ਐਹਮਦਗੜ੍ਹ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸਰਬੱਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 5-10-68, 6-10-68 ਤੇ ਦੀ ਵਿਚਕਾਰਲੀ ਰਾਤ ਨੂੰ ਸ. ਹਰੀ ਸਿੰਘ ਰੀਟਾਇਰਡ ਪਲੇਟੀਅਰ ਜੀ ਦੇ ਗ੍ਰਹਿ ਵਿਖੇ ਨੇੜੇ ਰੇਲਵੇ ਸਟੇਸ਼ਨ ਐਹਮਦਗੜ ਰੈਣ ਸਬਾਈ ਕੀਰਤਨ ਹੋਵੇਗਾ । ਸੋ ਅਖਡ ਕੀਰਤਨ ਰਸੀਏ ਗੁਰਸਿਖ ਸੰਗਤਾਂ ਇਸ ਸਮਾਗਮ ਵਿਚ ਹੁਮ ਹੁਮਾ ਕੇ ਪੁਜਣ ਤੇ ਜਨਮ ਸਫਲਾ ਕਰਨ ।

ਨੋਟ:—ਸ. ਹਰੀ ਸਿੰਘ ਜੀ ਦਾ ਮਕਾਨ ਸਟੇਸ਼ਨ ਤੋਂ ਧੂਰੀ ਸਾਈਡ ਵੱਲ ਰੇਲਵੇ ਲਾਈਨ ਦੇ ਨਾਲ ਸਿਰਫ਼ ਇਕ ਫ਼ਰਲਾਂਗ ਤੇ ਹੈ ।

ਪੁੱਛ ਗਿੱਛ ਲਈ —
ਮਾ: ਉਜਾਗਰ ਸਿੰਘ, ਪਿੰਡ ਫਰਵਾਲੀ
ਡਾਕਘਰ ਲੋਹਟਬਦੀ, ਜ਼ਿਲਾ ਸੰਗਰੂਰ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


੧ੳ ਵਾਹਿਗੁਰੂ ਜੀ ਕੀ ਫਤਹਿ ॥

ਮਾਸਕ

# ਸੂਰਾ

ਪਟਿਆਲਾ

ਪੱਤਰ

ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੩ ਭਾਦੋਂ—ਅਸੂ ੪੯੯ ਨਾਨਕ ਸ਼ਾਹੀ ਅੰਕ ਨੰ: ੮


ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾੜਾ ਦੇਖਿ ਚਲਤ ਮਨੁ ਡੋਲੇ ॥
ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥ ੧੧ ॥

( ਤੁਖਾਰੀ ਛੰਤ ਮਹਲਾ ੧ ਬਾਰਹਮਾਹਾ )


ਆਨਰੇਰੀ ਐਡੀਟਰ :
ਮਨੋਹਰ ਸਿੰਘ



ਸਤੰਬਰ ੧੯੬੯

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਸਤੰਬਰ ੧੯੬੯ ਨੂੰ ਪ੍ਰਕਾਸ਼ਤ ਕੀਤਾ।



www.AKJ.Org




# ਦੋਸ ਕਰੰਮਾ ਆਪਣਿਆ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਕਿਹਾ ਹੈ ਕਿ ਸਿੱਖ ਨਾਲੋਂ ਮੈਨੂੰ ਰਹਿਤ ਪਿਆਰੀ ਹੈ। ਕੱਚ ਪਿਲਿਆਂ ਤੇ ਮੇਰਾ ਉੱਕਾ ਹੀ ਇਤਬਾਰ ਨਹੀਂ, ਪਰ ਅਸੀਂ ਸਭ ਤੋਂ ਵਡੀ ਧਾਰਮਕ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਖੜੇ ਕਰਨ ਵੇਲੇ ਜਾਂ ਅਕਾਲੀ ਦਲ ਵਲੋਂ ਐਮ. ਐਲ. ਏਜ਼ ਖੜੇ ਕਰਨ ਵੇਲੇ ਰਹਿਤ ਬਹਿਤ ਨੂੰ ਉੱਕੀ ਹੀ ਮਹਾਨਤਾ ਨਹੀਂ ਦਿੰਦੇ। ਨਤੀਜਾ ਕੀ ਹੋ ਰਿਹਾ ਹੈ ਕਿ ਹਰ ਪਾਸੇ ਧੋਖੇਬਾਜ਼ੀ ਤੇ ਖਜਲ-ਖੁਆਰੀ ਹੈ। ਲੋਕਾਂ ਦਾ ਇਤਬਾਰ ਹੀ ਇਹਨਾਂ ਮੈਂਬਰਾਂ ਤੋਂ ਉਡ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜ ਸੌ ਸਾਲਾ ਸ਼ਤਾਬਦੀ ਮਨਾਈ ਜਾ ਰਹੀ ਹੈ। ਲਖਾਂ ਰੁਪੈ ਖਰਚ ਕੀਤੇ ਜਾ ਰਹੇ ਹਨ, ਪਰ ਇਸ ਸ਼ਤਾਬਦੀ ਕਮੇਟੀ ਦੇ ਮੈਂਬਰ ਤੇ ਇੰਚਾਰਜ ਉਨ੍ਹਾਂ ਕਹੌਤੀ ਵਿਦਵਾਨਾਂ ਤੇ ਪ੍ਰਿੰਸੀਪਲਾਂ ਨੂੰ ਬਣਾਇਆ ਜਾ ਰਿਹਾ ਹੈ, ਜੋ ਨਾ ਰਹਿਤ ਬਹਿਤ ਰਖਦੇ ਹਨ, ਨਾ ਰੋਜ਼ ਨਿਤਨੇਮ ਕਰਦੇ ਹਨ। ਭਾਵੇਂ ਗੁਰਬਾਣੀ ਦੀਆਂ ਚਾਰ ਤੁਕਾਂ ਯਾਦ ਕਰਕੇ ਉਹ ਲੈਕਚਰ ਦੇਣ ਜਾਣਦੇ ਹਨ, ਪਰ ਸਿੱਖੀ ਪੱਖ ਤੋਂ ਉਹ ਅਸਲੀ ਜੀਵਨ ਵਲੋਂ ਕੋਰੇ ਹਨ। ਨਤੀਜਾ ਕੀ ਹੋਵੇਗਾ ਕਿ ਭਾਵੇਂ ਲੱਖਾਂ ਲੈਕਚਰ ਦਿਤੇ ਜਾਣੇ ਹਨ। ਲੱਖਾਂ ਕਿਤਾਬਾਂ ਛਾਪੀਆਂ ਜਾਣੀਆਂ ਹਨ, ਪਰ ਜਨ ਸਾਧਾਰਨ ਦੇ ਦਿਲਾਂ ਉਤੇ, ਸਿੱਖ ਵਿਦਿਆਰਥੀਆਂ ਦੇ ਅਮਲੀ ਜੀਵਨ ਉਤੇ ਘੱਟ ਹੀ ਅਸਰ ਹੋਣਾ ਹੈ।

ਗੁਰੂ ਦਸਮੇਸ਼ ਪਿਤਾ ਜੀ ਨੇ ਖੰਡੇ ਦੀ ਧਾਰ ਤੇ ਪਰਖ ਕੇ, ਨਵ ਜਨਮ ਬਖਸ਼ ਕੇ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਪਵਿਤਰ ਨਾਮ ਦ੍ਰਿੜ ਕਰਾਇਆ; ਪਰ ਸਾਡੀ ਧਰਮ ਪ੍ਰਚਾਰ ਕਮੇਟੀ, ਨਾ ਹੀ ਨਾਮ ਦ੍ਰਿੜ ਕਰਾਉਂਦੀ ਹੈ ਨਾ ਹੀ ਅਮਲੀ ਜੀਵਨ ਵਾਲੇ, ਨਾਮ ਜਪਣ ਵਾਲੇ ਗੁਰਮੁਖਾਂ ਨੂੰ ਅੰਮ੍ਰਿਤ ਛਕਾਉਣ ਲਈ ਅਗੇ ਕਰਦੀ ਹੈ। ਸਗੋਂ ਅੰਮ੍ਰਿਤ ਛਕਾਉਣ ਦੀ ਰਸਮ ਪੂਰੀ ਕਰਕੇ, ਹਰ ਅਮ੍ਰਿਤ ਛਕਣ ਵਾਲੇ ਤੋਂ ਢਾਈ ਰੁਪੈ ਦੀ ਮੰਗ ਕਰਦੀ ਹੈ। ਗੁਰੂ ਨੇ ਸਿਰ ਲਿਆ ਅੰਮ੍ਰਿਤ ਦੀ ਬੂੰਦ ਲਈ ਤੇ ਅਸੀਂ ਢਾਈ ਰੁਪੈ ਮੰਗਦੇ ਹਾਂ।

ਸਾਡੇ ਸਾਰੇ ਲੈਕਚਰ ਤੇ ਧਰਮ ਪ੍ਰਚਾਰ ਦੇ ਢੋਲ ਕਿਉਂ ਫੋਕੇ ਖੜਕ ਰਹੇ ਹਨ, ਕਿਉਂਕਿ

"ਦੋਸ ਕਰੰਮਾ ਆਪਣਿਆ ॥"

———



www.AKJ.Org

# ਸਾਲਾਨਾ ਅਖੰਡ ਕੀਰਤਨ ਸਮਾਗਮ ਦਿਲੀ

## ਕੀਰਤਨ ਆਸਾ ਦੀ ਵਾਰ

ਅਰੰਭ ਸਵੇਰੇ ਪੰਜ ਵਜੇ

੨੮-੯-੬੮ ਸ਼ਨੀਵਾਰ ਗੁਰਦਵਾਰਾ ਬੰਗਲਾ ਸਾਹਿਬ ਨਵੀਂ ਦਿਲੀ।

੨੯-੯-੬੮ ਐਤਵਾਰ ਗੁਰਦਵਾਰਾ ਸੀਸ ਗੰਜ ਸਾਹਿਬ, ਦਿਲੀ।

੩੦-੯-੬੮ ਸੋਮਵਾਰ ਗੁਰਦਵਾਰਾ ਬੰਗਲਾ ਸਾਹਿਬ ਨਵੀਂ ਦਿਲੀ।

੧-੧੦-੬੮ ਮੰਗਲਵਾਰ ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ।

## ਪਾਠ ਰਹਿਰਾਸ ਸਾਹਿਬ ਤੇ ਕੀਰਤਨ

ਸ਼ਾਮ ੬-੩੦ ਤੋਂ ੯ ਵਜੇ ਰਾਤ ਤਕ

ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ।

ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ।

ਗੁਰਦਵਾਰਾ ਰਕਾਬ ਗੰਜ ਸਾਹਿਬ, ਨਵੀਂ ਦਿਲੀ।

੧-੧੦-੬੮ ਮੰਗਲਵਾਰ ੮ ਵਜੇ ਰਾਤ ਤੋਂ ੨-੧੦-੬੮ ਬੁਧਵਾਰ ਸਵੇਰੇ ੬ ਵਜੇ ਤਕ **ਕੀਰਤਨ ਰੈਣ ਸਬਾਈ** ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ।

੧-੧੦-੬੮ ਮੰਗਲਵਾਰ **ਅੰਮ੍ਰਿਤ ਸੰਚਾਰ** ੨ ਵਜੇ ਦਿਨੇ, ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ

ਨੋਟ—(੧) ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕੇਗੀ।

(੨) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ (ਰਿਹਾਇਸ਼ ਦਾ ਪ੍ਰਬੰਧ) ਗੁਰਦਵਾਰਾ ਰਕਾਬ ਗੰਜ ਸਾਹਿਬ, ਨਵੀਂ ਦਿਲੀ ਵਿਖੇ ਹੋਵੇਗਾ।

(੩) ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਜ਼ਰੂਰ ਨਾਲ ਲਿਆਉਣ ਦੀ ਕਿਰਪਾ ਕਰਨ।

(੪) ਬਾਹਰੋਂ ਆਉਣ ਵਾਲੀਆਂ ਸੰਗਤਾਂ ਪ੍ਰਤੀ ਦੋਇ ਕਰ ਜੋੜ ਬਿਨੇ ਹੈ ਕਿ ੨੭ ਸਤੰਬਰ ੧੯੬੮ ਸ਼ੁਕਰਵਾਰ ਦੀ ਸ਼ਾਮ/ਰਾਤ ਤਕ ਜ਼ਰੂਰ ਹੀ ਗੁਰਦਵਾਰਾ ਰਕਾਬ ਗੰਜ ਸਾਹਿਬ, ਨਵੀਂ ਦਿਲੀ ਪੁਜਣ ਦੀ ਕ੍ਰਿਪਾ ਕਰਨ ਤਾਂ ਜੋ ੨੮-੯-੬੮ ਸਨਿਚਰਵਾਰ ਅੰਮ੍ਰਿਤ ਵੇਲੇ ਗੁ ਬੰਗਲਾ ਸਾਹਿਬ,ਨਵੀਂ ਦਿਲੀ ਵਿਖੇ ਰਖਿਆ ਪ੍ਰੋਗਰਾਮ ਚੜ੍ਹਦੀਆਂਕਲਾ 'ਚ ਨਿਭ ਸਕੇ।

**ਇਹ ਬਿਨੇ ਖ਼ਾਸਕਰ ਕੀਰਤਨੀ ਸਿੰਘ/ਬੀਬੀਆਂ ਲਈ ਹੈ।**

(੫) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਿਲੀ ਪੁਜਣ ਦੀ ਤ੍ਰੀਕ, ਟਰੇਨ ਦਾ ਵੇਰਵਾ ਪ੍ਰਵਾਨਗੀ ਪਤਰ ਰਾਹੀਂ ਨੰਬਰ ੫, ਐਲਬਰਟ ਸੁਕੇਅਰ, ਗੋਲ ਮਾਰਕੀਟ, ਨਵੀਂ ਦਿਲੀ ਦੇ ਪਤੇ ਤੇ ਭੇਜ ਕੇ ਧਨਵਾਦੀ ਬਨਾਉਣ।

(੬) 'ਸੂਰਾ' ਵਿਚ ਛਪੇ ਕੀਰਤਨ ਪ੍ਰੋਗਰਾਮ ਤੋਂ ਇਲਾਵਾ, ਇਸ ਸੰਬੰਧੀ ਵਖਰੇ ਇਸ਼ਤਿਹਾਰ ਤੇ ਸੱਦੇ ਪਤਰ ਭੀ ਸੰਗਤਾਂ ਦੀ ਸੇਵਾ ਵਿਚ ਭੇਜੇ ਜਾਣਗੇ। ਕਿਸੇ ਸਜਣ ਦੇ ਪਤੇ (Address) ਵਿਚ ਜੇਕਰ ਕੋਈ ਤਬਦੀਲੀ ਹੋਵੇ ਤਾਂ ਨੰਬਰ ੫, ਐਲਬਰਟ ਸੁਕੇਅਰ, ਨਵੀਂ ਦਿਲੀ ਨੂੰ ਸੂਚਨਾ ਦੇਣ ਦੀ ਕ੍ਰਿਪਾਲਤਾ ਕਰੇ।

ਪੁਛ ਗਿੱਛ ਲਈ—
**ਨੰਬਰ ੫, ਐਲਬਰਟ ਸੁਕੇਅਰ, ਨਵੀਂ ਦਿਲੀ।**

ਆਪ ਜੀ ਦੇ ਦਾਸਰੇ—
**ਅਖੰਡ ਕੀਰਤਨੀ ਜਥਾ, ਦਿਲੀ।**

www.AKJ.Org

# ਗੁਰੂ ਤੇ ਸਿਖ ਦਾ ਸੰਬੰਧ ਕੀ ਹੈ ?

(ਵਲੋਂ—ਬੀਬੀ ਸਤਵੰਤ ਕੌਰ ਜੀ ਡੇਹਰਾਦੂਨ)

ਸਤਿਕਾਰਯੋਗ ਪਾਠਕ ਜੀ, ਆਓ ਅਜ ਇਹ ਵਿਚਾਰ ਕਰੀਏ ਕਿ ਗੁਰੂ ਸਾਹਿਬ ਦਾ ਤੇ ਸਿਖ ਦਾ ਕੀ ਸੰਬੰਧ ਹੈ ? ਭਾਵੇਂ ਇਹ ਸਵਾਲ ਐਨਾ ਗਹਿਰਾ ਹੈ ਤੇ ਇਸਦੀ ਕੋਈ ਸਮੁੰਦਰ ਵਾਂਗਰ ਥਾਹ ਨਹੀਂ ਫੇਰ ਵੀ ਜਿਸ ਤਰ੍ਹਾਂ ਗੋਤਾਖੋਰ ਸਮੁੰਦਰ ਦੀ ਸਤਹਿ ਨੂੰ ਜਾਣਦੇ ਹੋਏ ਵੀ ਮੋਤੀ ਪ੍ਰਾਪਤ ਕਰਨ ਵਾਸਤੇ ਚੁਭੀ ਲਗਾਂਦੇ ਹਨ, ਭਾਵੇਂ ਮਿਲੇ ਭਾਵੇਂ ਨਾ ਮਿਲੇ ਇਸੇ ਤਰ੍ਹਾਂ ਇਹ ਤੁਛ ਬੁਧੀ ਦਾ ਵਿਚਾਰ ਹੈ ਸਤਿਗੁਰੂ ਨਾਨਕ ਦੇਵ ਜੀ ਨੇ ਕਲਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਅਵਤਾਰ ਧਾਰਿਆ। 'ਆਪ ਨਰਾਇਣ ਕਲਾ ਧਾਰ ਜਗ ਮਹਿ ਪ੍ਰਵਰਿਉ' ਅਵਤਾਰ ਧਾਰ ਕੇ ਕੀ ਕੁਛ ਕੀਤਾ ਸਾਰੇ ਸੰਸਾਰ ਨੂੰ ਪਤਾ ਹੈ। ਪਸ਼ੂਆਂ ਤੋਂ ਆਦਮੀ ਤੇ ਆਦਮੀ ਤੋਂ ਦੇਵਤੇ ਕੀਤੇ ਫੇਰ ਬਿਰਦ ਬਾਣੇ ਦੀ ਲਾਜ ਦੇਖੋ ਘਰ ਘਰ ਜਾ ਕੇ ਪਾਪੀਆਂ ਨੂੰ ਤਾਰਿਆ 'ਚੜ੍ਹਿਆ ਸੋਧਨ ਧਰਤ ਲੁਕਾਈ' ਕੌਡਾ ਰਾਖਸ਼ ਨੂੰ ਆਪ ਜਾ ਕੇ ਰਾਖਸ਼ ਤੋਂ ਦੇਵਤਾ ਕੀਤਾ, ਸਜਨ ਠੱਗ, ਨੂਰਸ਼ਾਹ, ਸਾਲਸ ਰਾਇ ਜੌਹਰੀ, ਸੰਗਲਾਦੀਪ ਦਾ ਰਾਜਾ, ਤਾਤਪ੍ਰਜ ਕਰੋੜਾਂ ਜੀਆਂ ਦਾ ਨਿਸਤਾਰਾ ਕੀਤਾ। ਹਮਜਾ ਗੌਂਸ, ਵਲੀ ਕੰਧਾਰੀ ਜੈਸਿਆਂ ਨੂੰ ਘਰ ੨ ਜਾ ਕੇ ਬਖ਼ਸ਼ਸ਼ਾਂ ਕੀਤੀਆਂ। ਮੂਲੇ ਨੂੰ ਤਾਰਨ ਉਹਦੇ ਘਰ ਗਏ। ਸੋ ਉਸ ਜਾਮੇਂ ਵਿਚ ਵਧ ਤੋਂ ਵਧ ਉਪਕਾਰ ਕੀਤੇ ਜੋ ਗਿਣੇ ਨਹੀਂ ਜਾ ਸਕਦੇ ਲੜ ਲਾਇਆ ਅਤੇ ਉਧਾਰ ਲਿਆ। ਦੂਸਰਾ ਜਾਮਾ ਧਾਰਨ ਕਰਕੇ ਕਰਤਾਰਪੁਰ ਸਾਹਿਬ ਛਡ ਕੇ 'ਵਿਚ ਖਡੂਰੇ ਜੋਤ ਜਗਾਈ' ਗੁਰਮੁਖੀ ਅੱਖਰ ਥਾਪ ਕੇ ਮਹਾਨ ਉਪਕਾਰ ਕੀਤਾ ਤੇ ਕਰੋੜਾਂ ਨੂੰ ਸਚੇ ਮਾਰਗ ਚਲਾਇਆ। ਲਓ ਹੁਣ ਤੀਸਰਾ ਜਾਮਾ ਧਾਰ ਕੇ ਗੋਇੰਦਵਾਲ ਸਾਹਿਬ ਵਿਚ ਜੋਤ ਜਗਾਈ, ਜਾਤ ਪਾਤ ਦੇ ਭਰਮ ਤੋੜ ਕੇ ਸਭ ਵੀਰਾਂ ਵਾਸਤੇ ਇਕੋ ਸਾਂਝੇ ਲੰਗਰ ਦਾ ਹੁਕਮ ਬਖ਼ਸ਼ਿਆ, ਜਾਤ ਅਭਿਮਾਨੀ ਦਿਲਾਂ ਤੋਂ ਦੂਰ ਕਰਕੇ ਸਾਧ ਸੰਗਤ ਇਕ ਕੀਤੀ ਤੇ ਸ੍ਰੀ ਬਾਵਲੀ ਸਾਹਿਬ ਦਾ ਮਹਾਨ ਤੀਰਥ ਕਲਜੁਗੀ ਜੀਵਾਂ ਦੀ ਚੁਰਾਸੀ ਕਟਣ ਵਾਸਤੇ ਤਿਆਰ ਕਰਵਾਇਆ ਤੇ ਸਤਿ ਧਰਮ ਦਾ ਝੰਡਾ ਸਾਰੇ ਸੰਸਾਰ ਵਿਚ ਝੁਲਾਇਆ।

ਹੁਣ ਲਓ "ਚੌਥਾ ਜਾਮਾ ਧਾਰ ਕੇ ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੇ" ਅੰਮ੍ਰਿਤਸਰ ਵਿਚ ਜੋਤ ਜਗਾਵੇ। ਮਹਾਂ ਤੀਰਥਾਂ ਦਾ ਤੀਰਥ ਕਲਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਰਚਿਆ ਜੁਗੋ ਜੁਗ ਅਟੱਲ, ਅਠ ਸਠ ਤੀਰਥ ਦੀ ਮਹਾਨਤਾ ਬਖ਼ਸ਼ੀ, ਆਪਣੇ ਪਰਾਏ ਸਭ ਲਈ ਸਾਂਝਾ।

ਹੁਣ ਵਾਰੀ ਆਈ 'ਤਖ਼ਤ ਬੈਠਾ ਅਰਜਨ ਗੁਰੂ' ਆਪ ਨੇ ਅਪਾਰ ਬਖਸ਼ਸ਼ਾਂ ਕੀਤੀਆਂ ਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਬੀੜ ਤਿਆਰ ਕੀਤੀ। ਸ੍ਰੀ ਤਰਨ ਤਾਰਨ ਸਾਹਿਬ, ਸੰਤੋਖਸਰ, ਰਾਮਸਰ ਤੀਰਥ ਪ੍ਰਗਟ ਕੀਤੇ, ਸੋਹਣੀ ੨ ਬਾਣੀਆ ਸਿਰ ਬਾਣੀ ਉਚਾਰਨ ਕੀਤੀ, ਸਰਬ ਸ਼ਕਤੀਮਾਨ ਹੋ ਕੇ ਵੀ ਭਾਣੇ ਦੀ ਸਿਖਸ਼ਾ ਆਪਣੇ ਉਤੇ ਵਰਤਾ ਕੇ ਆਪਣੇ ਨਿਵਾਜਿਆਂ ਨੂੰ ਸਬਕ ਦਿਤਾ, 'ਤੇਰਾ ਭਾਣਾ ਮੀਠਾ ਲਾਗੈ' ਤੱਤੀਆਂ ਤਵੀਆਂ ਤੇ ਭਾਣਾ ਮਿੱਠਾ ਲਗਾ ਤੇ ਪੂਰਨੇ ਪਾ ਕੇ ਦਸਿਆ। ਮਹਾਨ ਸਬਕ ਦਿਤਾ ਜੋ ਕਿ ਪਰਚੇ ਖੋਪਰੀਆਂ ਲੁਹਾ ਕੇ, ਬੰਦ ਬੰਦ ਕਟਵਾ ਕੇ, ਆਰੇ ਨਾਲ ਚਿਰਾ ਕੇ, ਉਬਲਦੀਆਂ ਦੇਗਾਂ ਵਿਚ ਬੈਠ ਕੇ ਕਾਮਲ ਉਸਤਾਦ ਦੇ ਸਬਕ ਵਿਚ ਪਾਸ ਹੋਏ ਤੇ ਭਾਣਾ ਮਿੱਠਾ ਕਰ ਕੇ ਮੰਨ ਕੇ ਸਤਿਗੁਰੂ ਦੇ ਦਸੇ ਪੂਰਨਿਆਂ ਤੇ ਚਲੇ। ਧੰਨ ਸਤਿਗੁਰੂ ਤੇ ਧੰਨ ਉਹ ਮਹਾਨ ਸਿਖ ਕਾਮਲ ਉਸਤਾਦ ਦੇ ਪੂਰਨਿਆਂ ਤੇ ਪੂਰੇ ਉਤਰੇ। (ਬਾਕੀ ਦੇਖੋ ਸਫ਼ਾ ੫੧)



www.AKJ.Org

# ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ—ਨੰ: ੨

( ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

ਸੋ ਅੰਦਰੂਨੀ ਗੁਣ ਪਰਗਟ ਹੋਏ ਬਿਨਾਂ ਨਿਰੀ ਮੋਮਨਾਂ ਵਾਲੀ ਸੂਰਤ ਨੂੰ ਅਥਵਾ ਚਿੱਟੇ ਚਮੜੇ ਨੂੰ ਦੇਖ ਕੇ ਕਿਸੇ ਪੁਰਸ਼ ਉਤੇ ਰੀਝ ਪੈਣਾ ਨਿਰੋਲ ਮੜ੍ਹਾ ਪ੍ਰਸਤੀ ਹੈ, ਗੁਣਾਂ ਦਾ ਸਨਮਾਨ ਨਹੀਂ ਅਤੇ ਇਕ ਇਨਸਾਨ ਦੇ ਗੁਣ ਦੂਜੇ ਇਨਸਾਨ ਉਤੇ ਕੇਵਲ ਵਾਹ ਪਿਆਂ ਹੀ ਪਰਗਟ ਹੁੰਦੇ ਹਨ। ਇਨਸਾਨ ਦੇ ਦੇਖਣ ਮਾਤਰ ਨਾਲ ਉਸ ਦੇ ਇਨਸਾਨੀਅਤ ਵਾਲੇ ਗੁਣਾਂ ਦਾ ਪਤਾ ਨਹੀਂ ਲਗਦਾ। ਇਨਸਾਨ ਹੈਵਾਨ ਦਾ ਫ਼ਰਕ ਹੀ ਕੇਵਲ ਉਹਨਾਂ ਅੰਤ੍ਰੀਵ ਗੁਣਾਂ ਕਰ ਕੇ ਹੈ। ਜੇ ਇਨਸਾਨ ਅੰਦਰ ਅੰਤ੍ਰੀਵੀ ਗੁਣ ਨਾ ਹੋਣ, ਜਿਸ ਦੇ ਕਾਰਨ ਓਹ ਸਨਮਾਨ ਦਾ ਪਾਤਰ ਬਣਦਾ ਹੈ ਤਾਂ ਉਸ ਦਾ ਇਨਸਾਨ ਵਾਲਾ ਜਾਮਾ ਕਿਸੇ ਲੇਖੇ ਨਹੀਂ ਅਤੇ ਨਾ ਹੀ ਇਨਸਾਨ ਦਾ ਇਨਸਾਨ ਵਾਲਾ ਜਾਮਾ ਹੋਣਾ ਇਨਸਾਨ ਦੇ ਗੁਣਾਂ ਵਿਚ ਦਾਖ਼ਲ ਹੈ। ਜਾਮਾ ਤਾਂ ਇਨਸਾਨ ਨੂੰ ਕੁਦਰਤ ਵਲੋਂ ਮਿਲਿਆ ਹੋਇਆ ਹੈ, ਇਸ ਵਿਚ ਉਸ ਦਾ ਆਪਣਾ ਗੁਣ ਕੀ? ਇਧ ਇਨਸਾਨ ਵਾਲਾ ਜਾਮਾ ਤਦੇ ਸਫ਼ਲ ਅਤੇ ਸੁਭਾਗਾ ਹੈ ਜੇ ਇਨਸਾਨ ਇਸ ਜਾਮੇ ਨੂੰ ਧਾਰ ਕੇ ਇਨਸਾਨੀਅਤ ਵਾਲੇ ਕੰਮ ਕਰੇ, ਨਹੀਂ ਤਾਂ ਇਹ ਜਾਮਾ ਪਸ਼ੂ ਪਰੇਤਾਂ ਤੇ ਭੀ ਬੁਰਾ ਹੈ। ਜੇ ਇਨਸਾਨ ਦੀਆਂ ਕਰਤੂਤਾਂ ਪਸ਼ੂ ਵਾਲੀਆਂ ਹਨ ਤਦ ਉਹ ਇਨਸਾਨ ਆਪਣੇ ਇਨਸਾਨੀ ਜਾਮੇ ਨੂੰ ਕਲੰਕਤ ਕਰਨ ਵਾਲਾ ਹੀ ਹੈ, ਕੇਵਲ ਉਹ ਮਨੁਖ (ਇਨਸਾਨ) ਦਾ ਕਲਬੂਤ (ਮੜਾ) ਹੀ ਹੈ। ਅਜਿਹੇ ਗੁਣ ਬਿਹੂਣ ਇਨਸਾਨ ਦੀ ਕੋਈ ਕਦਰ ਹੀ ਨਹੀਂ ਕਰਦਾ, ਜੇ ਭਲਾ ਕੋਈ ਕਰਦਾ ਵੀ ਹੈ ਸੋ ਕੇਵਲ ਉਸ ਦੇ ਕਲਬੂਤ (ਮੜੇ ਸਰੀਰ) ਦੀ ਕਰਦਾ ਹੈ ਜੋ ਐਨ ਮੜ੍ਹਾ ਪ੍ਰਸਤੀ ਹੈ। ਇਸ ਤੋਂ ਇਹ ਭਾਵ ਨਹੀਂ ਕਿ ਜਿਸ ਇਨਸਾਨ ਤੋਂ ਜਾਣੂ ਹੋਈਏ ਉਸ ਇਨਸਾਨ ਬਿਨਾਂ ਜਿਤਨੇ ਭੀ ਸੰਸਾਰ ਵਿਖੇ ਇਨਸਾਨ ਹਨ ਸਭ ਗੁਣ ਬਿਹੂਣ ਹੀ ਹਨ ਚਾਹੇ ਸਚ ਮੁਚ ਉਹਨਾਂ ਅੰਦਰ ਉਸ ਜਾਣੂ ਇਨਸਾਨ ਤੋਂ ਭੀ ਅਧਿਕ ਗੁਣ ਹੋਣ, ਪ੍ਰੰਤੂ ਉਨ੍ਹਾਂ ਦੇ ਗੁਣਾਂ ਦੇ ਗੁਣਾਂ ਦਾ ਉਕਤ ਇਨਸਾਨਾਂ ਦੇ ਕਿਸੇ ਤਾਈਂ ਜਾਣੂ ਪਛਾਣੂ ਬਣੇ ਬਿਨ ਕਿਸੇ ਨੂੰ ਪਤਾ ਕਿਕੂੰ ਲਗੇ, ਅਰਥਾਤ ਵਾਹ ਪਏ ਬਿਨਾਂ ਉਹਨਾਂ ਦੇ ਗੁਣਾਂ ਦਾ ਪਤਾ ਨਹੀਂ ਲਗਦਾ। ਉਸ ਦੇ ਭਾ ਦਾ ਉਹ ਐਵੇਂ ਕਾਠ ਦੀਆਂ ਪੁਤਲੀਆਂ ਹਨ ਜੋ ਇਧਰ ਉਧਰ ਨਚਦੀਆਂ ਫਿਰਦੀਆਂ ਹਨ। ਉਹਨਾਂ ਦੇ ਅੰਤ੍ਰੀਵੀ ਗੁਣਾਂ ਦੇ ਜਾਣੂ ਹੋਏ ਬਿਨਾਂ ਐਵੇਂ ਹੀ ਉਹਨਾਂ ਦਾ ਅਦਬ ਸਨਮਾਨ ਕਰੀ ਜਾਣਾ ਨਿਰੋਲ ਮੜ੍ਹਾ ਪ੍ਰਸਤੀ ਹੈ।

ਡਾਕਟਰ—ਹਾਂ, ਹੈ ਤਾਂ ਬਿਲਕੁਲ ਠੀਕ, ਪਰ ਇਸ ਗਲ ਤੋਂ ਆਪ ਨੇ ਕੀ ਸਿੱਧ ਕੀਤਾ?

ਸਿੰਘ—ਹੁਣ ਇਹ ਬਾਤ ਤਾਂ ਆਪ ਨੂੰ ਨਿਸਚਿਤ ਹੋਈ ਕਿ ਅਦਬ ਸਨਮਾਨ ਕੇਵਲ ਗੁਣਾਂ ਨੂੰ ਹੈ?

ਡਾਕਟਰ—ਹਾਂ, ਠੀਕ।

ਸਿੰਘ—ਅਤੇ ਉਹਨਾਂ ਗੁਣਾਂ ਦਾ ਸਨਮਾਨ ਭੀ



www.AKJ.Org

ਤਾਂ ਹੀ ਕਰਨਾ ਬਣਦਾ (ਵਾਜਬ) ਹੈ ਜੇਕਰ ਉਹ ਗੁਣ ਪਰਗਟ ਹੋਣ ਅਰਥਾਤ ਜੇ ਕਰ ਉਹਨਾਂ ਗੁਣਾਂ ਦਾ ਜਾਣੂ ਪਛਾਣੂ ਹੈ, ਤਦੇ ਹੀ ਉਹ ਗੁਣ ਉਸ ਦੇ ਸਨਮਾਨ ਯੋਗ ਹਨ।

ਡਾਕਟਰ—ਬੇਸ਼ਕ !

ਸਿੰਘ—ਐਵੇਂ ਨਹੀਂ ਨਾ।

ਡਾਕਟਰ—ਐਵੇਂ ਕੀ ਹੋਣੇ ਸੀ, ਐਵੇਂ ਤਾਂ ਉਹ ਗੁਣ ਹੀ ਉਸ ਦੇ ਭਾ ਦਾ ਨਾਸਤ (ਨੇਸਤ) ਹਨ, ਚਾਹੇ ਉਂਜ ਲੋਪ ਹੀ ਹੋਣ।

ਸਿੰਘ—ਸੋ ਉਸ ਲੁਪਤ ਗੁਣਾਂ ਵਾਲੇ ਪੁਰਸ਼ ਦੇ ਸਨਮਾਨ ਤਾਈਂ ਕਿਸੇ ਨੂੰ ਕੀ ਪਿਆ, ਕਿਉਂਕਿ ਉਸ ਦੇ ਭਾ ਦਾ ਤਾਂ ਉਹ ਗੁਣਾਂ ਸੂੰਨ ਪੰਜਾਂ ਤਤਾਂ ਦਾ ਪੁਤਲਾ ਹੀ ਹੈ।

ਡਾਕਟਰ—ਉਸ ਦੇ ਸਨਮਾਨ ਕਰਨ ਦੀ ਕਿਸੇ ਨੂੰ ਕੋਈ ਲੋੜ ਨਹੀਂ।

ਸਿੰਘ—ਭਲਾ ਜੇ ਕੋਈ ਕਰੇ।

ਡਾਕਟਰ—ਤਾਂ ਉਹ ਇਕ ਪ੍ਰਕਾਰ ਦੀ ਬੁਤ ਪ੍ਰਸਤੀ ਕਰਦਾ ਹੈ।

ਸਿੰਘ—ਇਕ ਪ੍ਰਕਾਰ ਦੀ ਕੀ ! ਕੋਰੀ ਸਾਫ਼ ਬੁਤ ਪ੍ਰਸਤੀ ਕਰਦਾ, ਕਹੋ।

ਡਾਕਟਰ—ਭਲਾ ਏਵੇਂ ਹੀ ਸਹੀ। ਇਸ ਤੋਂ ਆਪ ਨੇ ਸਿਧਾਂਤ ਕੀ ਨਿਕਾਲਿਆ ?

ਸਿੰਘ—ਜਿਸ ਪ੍ਰਕਾਰ ਆਪ ਦੇ ਗੁਣਾਂ ਦੇ ਮੇਰੇ ਪ੍ਰਤੀ ਪ੍ਰਗਟ ਹੋਣ ਤੋਂ ਪ੍ਰਿਥਮ ਆਪ ਮੇਰੇ ਨਿਕਟ ਸਨਮਾਨ ਯੋਗ ਨਹੀਂ ਸੇ, ਪ੍ਰੰਤੂ ਜਦ ਆਪ ਦੇ ਗੁਣ ਮੇਰੇ ਉਤੇ ਪ੍ਰਗਟ ਹੋਏ ਤਦ ਮੈਂ ਆਪ ਦਾ ਸਨਮਾਨ ਕਰਨ ਲਗਾ। ਸੋ ਆਪ ਦੇ ਸਰੀਰ ਦਾ ਸਨਮਾਨ ਤਾਂ ਇਹ ਨਹੀਂ ਹੈ, ਉਨ੍ਹਾਂ ਗੁਣਾਂ ਨੂੰ ਹੀ ਸਨਮਾਨ ਹੈ ! ਏਸੇ ਪਰਕਾਰ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਜੋ ਕਰਦੇ ਹਨ, ਉਨ੍ਹਾਂ ਦਾ ਇਹ ਸਨਮਾਨ ਉਨ੍ਹਾਂ ਅਗਾਧ ਅਤੇ ਅਪਰੰਪਰ ਗੁਣਾਂ ਕਰਕੇ ਹੈ, ਜਿਨ੍ਹਾਂ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਡਾਕਟਰ—ਜਿਹ ਤਾਂ ਬਹੁਤ ਅਛਾ ਹੈ। ਹਮ ਬਹੁਤ ਖ਼ੁਸ਼ ਹੋਏ, ਨਾ ਹੀ ਪਹਿਲਾਂ ਐਸਾ ਪਤਾ ਸੀ ਕਿ ਸਿਖਾਂ ਦਾ ਐਸਾ ਉਚ ਮਨਤਵ ਹੈ, ਹਮ ਕੋ ਕਿਸੀ ਨੇ ਐਸਾ ਨਹੀਂ ਬਤਲਾਇਆ। ਨਾ ਹੀ ਸਾਨੂੰ ਯਕੀਨ ਹੈ ਕਿ ਕੋਈ ਸਿਖ ਇਸ ਤਰ੍ਹਾਂ ਦਾ ਖੁਦ ਨਿਸਚਾ ਰਖਤਾ ਹੋਵੇ ਔਰ ਦੂਸਰੇ ਨੂੰ ਐਸਾ ਦ੍ਰਿੜਾ ਸਕਦਾ ਹੋਵੇ।

ਸਿੰਘ—ਇਹ ਤਾਂ ਆਪ ਦਾ ਖਿਆਲ ਮਿਥਿਆ ਹੈ ਕਿ 'ਕਿਸੀ ਸਿੱਖ ਨੂੰ ਐਸਾ ਨਿਸਚਾ ਨਹੀਂ' ਅਤੇ ਇਸ ਬਿਧ ਦ੍ਰਿੜਾਵਣ ਦਾ ਵਸੀਕਾਰ ਨਹੀਂ। ਮੈਥੋਂ ਅਤਯੰਤ ਅਧਿਕ ਗੁਣਾਂ ਵਾਲੇ ਸਿਖ, ਸਿਖ ਪੰਥ ਵਿਖੇ ਵਿਦਮਾਨ ਹਨ, ਜਿਨ੍ਹਾਂ ਦੇ ਚਰਨ ਦੀ ਧੂੜ ਦੇ ਬਰਾਬਰ ਭੀ ਮੈਂ ਨਹੀਂ ਅਤੇ ਜਿਨ੍ਹਾਂ ਦੇ ਨਿਸਚੇ ਵੀ ਲਿਆਕਤ ਦੇ ਤੁਲ ਮੇਰਾ ਨਿਸਚਾ ਪਾਸੰਗ ਭੀ ਨਹੀਂ। ਅਸਲੀ ਗੱਲ ਇਹ ਹੈ ਕਿ ਆਪ ਦਾ ਅੱਜ ਤਾਈਂ ਕਿਸੇ ਸਿੱਖ ਨਾਲ ਵਾਸਤਾ ਹੀ ਨਹੀਂ ਪਿਆ।

ਡਾਕਟਰ—ਬੇਸ਼ਕ ਹੈ ਤਾਂ ਏਹੋ ਠੀਕ।

ਸਿੰਘ—ਅਛਾ, ਹੁਣ ਤਾਂ ਆਪ ਨੂੰ ਨਿਸਚਾ ਹੋਇਆ ਕਿ ਸਿਖ ਗੁਣ ਪ੍ਰਸਤ ਹਨ, ਬੁਤ ਪ੍ਰਸਤ ਨਹੀਂ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਨਮਾਨ ਕਰਨਾ ਬੁਭ ਪ੍ਰਸਤੀ ਨਹੀਂ।

ਡਾਕਟਰ—ਹਾਂ, ਸਚਮੁਚ ਗੁਣਾਂ ਦਾ ਸਤਿਕਾਰ ਤਾਂ ਕੋਈ ਬੁਤ ਪ੍ਰਸਤੀ ਨਹੀਂ ਪਰ ਇਤਨੀ ਬਾਤ ਤਾਂ ਆਪ ਭੀ ਮੰਨੋਗੇ ਕਿ ਸਾਰੇ ਸਿਖ ਐਸਾ ਸਮਝ ਕੇ ਨਹੀਂ ਕਰਦੇ ਅਰ ਬਹੁਤ ਸਾਰੇ ਐਸੇ ਭੀ ਸਿਖ ਮੌਜੂਦ ਹੋਣਗੇ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਣਾਂ ਦੀ ਸੂਝ ਬੂਝ ਭੀ ਨਾ ਹੋਵੇਗੀ ਐਸੇ ਸਿੱਖਾਂ ਪਰ ਬੁਤ ਪ੍ਰਸਤੀ ਦਾ ਦੂਸ਼ਨ ਆ ਸਕਦਾ ਹੈ ਕਿ ਨਹੀਂ ?

ਸਿੰਘ—ਉਸ ਨੂੰ ਤਾਂ ਸਿਖ ਕਹਿਣਾ ਹੀ ਠੀਕ ਨਹੀਂ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣਾਂ ਦਾ ਪਤਾ ਨਾ ਹਵੇ ਉਹ ਯਾ ਤਾਂ ਕੋਰਾ ਸਿਖ ਹੈ ਯਾ ਭੇਖੀ ਹੈ।

ਡਾਕਟਰ—ਨਹੀਂ, ਬਹੁਤ ਸਾਰੇ ਐਸੇ ਸਿਖ



www.AKJ.Org

ਤਾਂ ਜ਼ਰੂਰ ਹੋਣਗੇ ਜੋ ਸਿਰਫ ਦੇਖਾ ਦੇਖੀ (ਰੀਸੋ ਰੀਸੀ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਕਰਦੇ ਹੋਣ, ਜੈਸਾ ਕਿ ਆਪ ਦੇਖਦੇ ਹੋ ਕਿ ਬਹੁਤ ਸਾਰੇ ਲੋਗ ਦੌਰੇ ਵਿਚ ਮੈਨੂੰ ਸਿਰਫ ਦੇਖਾ ਦੇਖੀ ਹੀ ਸਲਾਮ ਕਰਦੇ ਹਨ ਅਰ ਮੇਰੇ ਗੁਣਾਂ ਨੂੰ ਉਹ ਜਾਣਦੇ ਭੀ ਨਹੀਂ।

ਸਿੰਘ—ਆਪ ਨੂੰ ਜੋ ਅਕਸਰ ਲੋਗ ਸਲਾਮ ਕਰਦੇ ਹਨ ਓਹ ਆਪ ਦੇ ਗੋਰੇ ਰੰਗ ਨੂੰ ਬਸੇਖ ਹੈ, ਅਸਾਡੇ ਦੇਸ ਵਿਚ ਇਕ ਵੱਡੀ ਭੇਡਾ-ਚਾਲ ਏਹ ਭੀ ਪਈ ਹੋਈ ਹੈ ਕਿ ਭਾਵੇਂ ਕੋਈ ਭੀ ਚਿਟੇ ਚਮੜੇ ਅਤੇ ਵਲੈਤੀ ਟੋਪੀ ਵਾਲਾ ਪੁਰਸ਼ ਹੋਵੇ, ਉਸ ਨੂੰ ਸਾਹਿਬ ੨ ਆਖ ਕੇ ਸਲਾਮ ਕਰਨ ਲਗ ਜਾਣਗੇ ਭਾਵੇਂ ਉਸ ਤੋਂ ਜਾਣੂ ਹੋਣ ਭਾਵੇਂ ਨਾ ਹੋਣ।

ਡਾਕਟਰ—ਕਿਆ ਐਸੀ ਭੇਡਾ ਚਾਲ ਸ਼ਾਇਦ ਸਿਖਾਂ ਵਿਚ ਹੋਵੇ ? ਜੋ ਫਰਜ਼ ਕੀਤਾ ਹੈ, ਤਾਂ ਇਸ ਭੇਡਾ ਚਾਲ ਨੂੰ ਕਿਆ ਆਪ ਬੁਤ ਪ੍ਰਸਤੀ ਨਹੀਂ ਕਰੋਗੇ ?

ਸਿੰਘ—ਬੇਸ਼ਕ ! ਮੈਂ ਤਾਂ ਅਗੇ ਹੀ ਇਸ ਭੇਡਾ ਚਾਲ ਦਾ ਨਾਉਂ ਬੁਤ ਬ੍ਰਸਤੀ ਦਸ ਚੁਕਾਂ ਹਾਂ ਅਤੇ ਮੜ੍ਹਾ ਪ੍ਰਸਤੀ ਦੇ ਨਾਮ ਸਹਿਤ ਇਸ ਨੂੰ ਪੁਕਾਰ ਚੁਕਾ ਹਾਂ। ਫਰਜ਼ ਕੀਤਾ ਜੋ ਸਿਖਾਂ ਦੀ ਭੀ ਅਜੇਹੀ ਭੇਡਾ ਚਾਲ ਹੈ ਤਦ ਜ਼ਰੂਰ ਉਹ ਭੀ ਬੁਤ ਪ੍ਰਸਤੀ ਕਰਦੇ ਹਨ, ਪ੍ਰੰਤੂ ਵਾਸਤਵ ਵਿਚ ਸਿਖਾਂ ਦਾ ਅਜਿਹਾ ਵਤੀਰਾ ਹੈ ਨਹੀਂ, ਕਿਉਂਕਿ ਕੋਈ ਪ੍ਰਾਣੀ ਓਦੋਂ ਤੀਕਰ ਸਿਖ ਬਣ ਹੀ ਨਹੀਂ ਸਕਦਾ, ਜਦ ਤੀਕਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਸਿਖ਼ਿਆ ਨੂੰ ਧਾਰਨ ਨਾ ਕਰ ਲਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਚੀ ਸਿਖਿਆ ਮਈ ਅਮੁਲ ਅਤੇ ਅਪਾਰ ਗੁਣਾਂ ਦਾ ਖ਼ਜ਼ਾਨਾ ਨ ਨਿਸਚਿਤ ਕਰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰੂ ਤਸਲੀਮ ਨਾ ਕਰ ਲਵੇ।

ਡਾਕਟਰ—ਐਸਾ ਤਾਂ ਹੋ ਸਕਦਾ ਹੈ ਕਿ ਸਾਰੇ ਆਦਮੀ ਸਿਰਫ ਕਿਸੇ ਮਤਲਬ ਦੀ ਖਾਤਰ ਸਿਖ ਬਣ ਗਏ ਹੋਣ।

ਸਿੰਘ—ਅਜਿਹੇ ਪੁਰਸ਼ਾਂ ਦਾ ਨਾਮ ਤਾਂ ਆਪ ਨੂੰ ਪਹਿਲਾਂ ਦਸ ਚੁਕਾ ਹਾਂ ਕਿ ਭੇਖੀ ਸਿਖ ਹੁੰਦਾ ਹੈ।

ਡਾਕਟਰ—ਭੇਖੀ, ਬਹੁਤ ਖੂਬ ! ਹਾਂ, ਐਸੇ ਆਦਮੀ ਭੀ ਬਹੁਤ ਹੋਣਗੇ ਜੋ ਸਿਰਫ਼ ਸਿਖਾਂ ਨੂੰ ਖੁਸ਼ ਕਰਨ ਦੀ ਖਾਤਰ ਹੀ ਸਨਮਾਨ ਕਰਦੇ ਹੋਣ।

ਸਿੰਘ—ਹਾਂ, ਅਜਿਹੇ ਤਾਂ ਬਥੇਰੇ ਹੋਣਗੇ।

ਡਾਕਟਰ—ਤਾਂ ਉਹ ਤਾਂ ਬੁਤ ਪ੍ਰਸ਼ਤੀ ਕਰਨ ਵਾਲੇ ਹੋਏ।

ਸਿੰਘ—ਬੇਸ਼ਕ ! ਉਨ੍ਹਾਂ ਦਾ ਐਸਾ ਕਰਨਾ ਤਾਂ ਬਿਲਕੁਲ ਬੁਤ ਪ੍ਰਸਤੀ ਹੈ। ਪ੍ਰੰਤੂ ਉਨ੍ਹਾਂ ਦੇ ਅਜਿਹਾ ਕਰਨ ਨਾਲ ਸਿਖ ਕੌਮ ਉਤੇ ਬੁਤ ਪ੍ਰਸਤੀ ਦਾ ਧੱਬਾ ਤਾਂ ਨਹੀਂ ਆ ਸਕਦਾ। ਸਿੱਖ ਮਤ ਦੇ ਅਸੂਲ ਇਸ ਧੱਬੇ ਤੋਂ ਪਾਕ ਹਨ। ਜੋ ਪੁਰਸ਼ ਸਿਖ ਮਤ ਦੇ ਅਸੂਲਾਂ ਨੂੰ ਧਾਰਨ ਨਹੀਂ ਕਰਦਾ ਅਤੇ ਐਵੇਂ ਹੀ ਆਪਣੇ ਆਪ ਨੂੰ ਸਿਖ ਸਦਵਾਉਂਦਾ ਫਿਰਦਾ ਹੈ ਉਹ ਖੁਦਗਰਜ਼ ਹੈ। ਖੁਦਗਰਜ਼ ਆਦਮੀ ਦੀਨਦਾਰ ਕਦੇ ਨਹੀਂ ਹੋ ਸਕਦਾ ਅਰ ਜਿਤਨੇ ਭੀ ਬੇਦੀਨ ਪੁਰਸ਼ ਦੁਨੀਆਂ ਵਿਖੇ ਹਨ, ਸਭ ਦੇ ਸਭ ਖੁਦਗਰਜ਼ ਹੋਣ ਦੇ ਕਾਰਨ ਬੁਤ ਪ੍ਰਸਤ ਹਨ। ਜਿਸ ਦਾ ਦੀਨ ਈਮਾਨ (ਧਰਮ) ਕਾਇਮ ਨਹੀਂ, ਉਹ ਇਕ ਨਿਰੰਕਾਰ ਸਿਰਜਨਹਾਰ ਦਾਤਾਰ ਅਕਾਲ ਪੁਰਖ ਤੋਂ ਬੇਮੁਖ ਹੁੰਦਾ ਹੋਇਆ ਉਸ ਦੇ ਦਿੱਤੇ ਪਦਾਰਥਾਂ ਵਿਖੇ ਲੰਪਟ ਹੈ ਅਤੇ ਕਰਤਾਰ ਦੇ ਕੀਤੇ ਜੰਤਾਂ ਦੀ ਅਨੇਕ ਪਰਕਾਰ ਦੀ ਅਣਹੋਈ ਖੁਸ਼ਾਮਦ ਕਰਦਾ ਹੈ ਅਤੇ ਆਪਣੀ ਗਰਜ਼ ਖਾਤਰ ਦਰ ਬਦਰ ਭਟਕਦਾ ਅਤੇ ਧੱਕੇ ਖਾਂਦਾ ਹੈ। ਗੁਰਮਤਿ ਅਰਥਾਤ ਸਿਖ ਮਤ ਅੰਦਰ ਇਕ ਅਕਾਲ ਪੁਰਖ ਨੂੰ ਵਿਸਾਰ ਕੇ ਦੂਜੀ ਹੋਰ ਕਿਸੇ ਕਾਲ ਗ੍ਰਸਤ (ਕਾਲ ਦੇ ਚਕ੍ਰ ਅੰਦਰ ਆਈ) ਵਸਤੂ ਵਲ ਲਗਣਾ ਹੀ ਇਕ ਪ੍ਰਕਾਰ ਦੀ ਬੁਤ ਪ੍ਰਸਤੀ ਹੈ।

ਡਾਕਟਰ—ਏਥੇ ਮੈਨੂੰ ਫੇਰ ਸੰਸਾ (ਸੰਦੇਹ) ਵਿਆਪ ਗਿਆ ਕਿ ਸਿਖਾਂ ਉਪਰੋਂ ਬੁਤ ਪ੍ਰਸਤੀ



www.AKJ.Org

ਦਾ ਧੱਬਾ ਦੂਰ ਨਹੀਂ ਹੁੰਦਾ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਅਕਾਲ ਪੁਰਖ ਤੋਂ ਭਿੰਨ (ਜੁਦਾ) ਦੂਸਰੀ ਵਸਤੂ ਨਹੀਂ ? ਬੇਸ਼ਕ ਹੈ। ਇਸ ਵਾਸਤੇ ਗੁਰਮਤ ਦੇ ਅਸੂਲ ਅਨੁਸਾਰ ਹੀ ਸਿਖ ਇਕ ਤੋਂ ਛੁਟ ਦੂਜੀ ਵਸਤੂ ਦੇ ਉਪਾਸ਼ਕ ਹੋਣ ਕਰ ਕੇ ਬੁਤ ਪ੍ਰਸਤ ਹਨ। ਬੁਤ ਪ੍ਰਸਤੀ ਤੋਂ ਰਹਿਤ ਨਹੀਂ ਹੋ ਸਕਦੇ।

ਸਿੰਘ—ਬੇਸ਼ਕ, ਜੇਕਰ ਇਹ ਸਾਬਤ ਹੋ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਕੋਈ ਹੋਰ ਦੁਤੀਆ ਵਸਤੂ ਹਨ ਤਾਂ ਆਪ ਜ਼ਰੂਰੀ ਨਿਧੜਕ ਅਤੇ ਨਿਸ਼ੰਗ ਬੁਤ ਪ੍ਰਸਤੀ ਦਾ ਦੂਸ਼ਨ ਅਰੋਪ ਸਕਦੇ ਹੋ, ਪ੍ਰੰਤੂ ਜੇਕਰ ਇਹ ਸਿੱਧ ਹੋ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਤਦ ਤਾਂ ਆਪ ਨੂੰ ਆਪਣੇ ਲਫ਼ਜ਼ ਵਾਪਸ ਲੈਣੇ ਪੈਣਗੇ।

ਡਾਕਟਰ—ਇਹ ਕਿਸ ਤਰ੍ਹਾਂ ਸਾਬਤ ਹੋ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਨਹੀਂ ?

ਸਿੰਘ—ਆਪ ਜ਼ਰਾ ਧੀਰਜ ਕਰੋ, ਘਬਰਾਓ ਨਹੀਂ। ਜੇ ਸਿੱਧ ਹੋ ਗਿਆ ਤਾਂ ਆਪ ਨੇ ਮੰਨਣਾ ਅਤੇ ਜੇ ਆਪ ਦਾ ਘਰ ਪੂਰਾ ਨਾ ਹੋਇਆ ਤਾਂ ਆਪ ਨਿਸ਼ੰਗ ਆਪਣਾ ਹੁਣ ਵਾਲਾ ਹਠ ਕਾਇਮ ਰਖ ਸਕਦੇ ਹੋ। ਮਲੋ-ਮਲੀ ਹੀ ਤਾਂ ਆਪ ਦੇ ਗਲ ਕੋਈ ਕਿਸੇ ਅਕੀਦੇ ਨੂੰ ਚਮੇੜ ਨਹੀਂ ਸਕਦਾ। ਆਪ ਪਹਿਲਾਂ ਸੁਣ ਲਵੋ, ਫੇਰ ਚਾਹੇ ਸਿਰ ਹੀ ਫੇਰ ਦੇਣਾ।

ਡਾਕਟਰ—ਅੱਛਾ ਸੁਣਾਓ ? ਮੈਂ ਸੁਨਣ ਨੂੰ ਤਿਆਰ ਹਾਂ ਪਰ ਹੁਣ ਵਕਤ ਤੰਗ ਹੈ, ਵਾਪਸ ਕੈਂਪ ਵਿਚ ਚਲ ਕੇ ਰਾਤ ਨੂੰ ਫਿਰ ਏਹੀ ਸਿਲਸਿਲਾ ਛੇੜਾਂਗੇ, ਇਸ ਪੁਆਇੰਟ ਨੂੰ ਯਾਦ ਰਖਣਾ।

ਸਿੰਘ—ਅਛੀ ਬਾਤ, ਇਹ ਬਾਤ ਠੀਕ ਹੈ ਸਗੋਂ ਇਕਾਂਤ ਬੈਠ ਕੇ ਵਿਚਾਰ ਕਰਾਂਗੇ।

ਇਹ ਗਲ ਬਾਤ ਚਰਚਾ ਸਾਰੇ ਰਸਤੇ ਵਿਚ ਘੋੜਿਆਂ ਉਤ ਚੜ੍ਹਿਆਂ ਹੀ ਹੋਈ, ਏਤਨੇ ਨੂੰ ਉਹ ਉਹ ਪਿੰਡ ਆ ਗਿਆ ਜਿਥੇ ਟੀਕਾ (Inoculation) ਕਰਨਾ ਸੀ। ਦੋ ਤਿੰਨ ਘੰਟੇ ਏਥੇ ਟੀਕਾ ਕਰਦਿਆਂ ਲਗ ਗਏ, ਬਹੁੜ ਓਥੋਂ ਵਿਹਲੇ ਹੋ ਸਿਧੇ ਕੈਂਪ ਨੂੰ ਪਧਾਰੇ। ਰਸਤੇ ਵਿਚ ਰੰਚਕ ਨਹੀਂ ਅਟਕੇ। ਡਾਕਟਰ ਹੋਰੀ ਟਿਫ਼ਨ (Tiffin ਦੀ ਤਾਂਘ ਵਿਚ ਘੋੜੇ ਨੂੰ ਦਬੱਲੀ ਹੀ ਗਏ। ਏਹ ਲੋਕ ਅਜਿਹੇ ਭੁਖੇਲੇ ਹੁੰਦੇ ਹਨ ਕਿ ਭੁਖ ਲਗੀ ਤੋਂ ਇਹਨਾਂ ਨੂੰ ਹੋਰ ਕੋਈ ਗਲ ਨਹੀਂ ਸੁਝਦੀ ਅਰ ਜੇ ਥੋੜਾ ਚਿਰ ਭੁਖ ਲਗੀ ਪਸਚਾਤ ਖਾਣ ਪੀਣ ਲਈ ਇਹਨਾਂ ਨੂੰ ਕੁਛ ਨਾ ਮਿਲੇ ਤਾਂ ਏਹਨਾਂ ਦੇ ਭਾ ਦੀ ਬਣ ਜਾਂਦੀ ਹੈ ਅਤੇ ਜਾਨ ਕਾਖਤੇ ਆ ਜਾਂਦੀ ਹੈ। ਗਲ ਕੀ ਅਤਯੰਤ ਹੀ ਤੇਲ (ਸ਼ੀਘਰਤਾ) ਸਹਿਤ ਕੈਂਪ ਵਿਖੇ ਆਣ ਪਹੁੰਚੇ। ਉਪਰੋਂ ਤੀਜਾ ਪਹਿਰ ਆ ਗਿਆ, ਸੀ ਆਥਣ ਹੋਈ ਤੇ ਡਾਕਟਰ ਹੋਰਾਂ ਨੇ ਆਪਣੇ ਅਰਦਲੀ ਨੂੰ ਸਿੰਘ ਹੋਰਾਂ ਦੇ ਪਾਸ ਪਠਾ ਕੇ ਕਹਿ ਭੇਜਿਆ ਕਿ ਆਪ ਆਉਣਾ ਚਾਹੋ ਤਾਂ ਮੇਰੇ ਸਪਰ (Supper) (ਆਥਣ ਦੇ ਖਾਣੇ) ਦੇ ਸਮੇਂ ਵਿਚ ਹੀ ਆ ਸਕਦੇ ਹੋ। ਇਸ ਦੇ ਉਤਰ ਵਿਖੇ ਸਿੰਘ ਹੋਰਾਂ ਨੇ ਕਹਿ ਭੇਜਿਆ ਕਿ ਹੁਣ ਮੇਰਾ ਰਹਿਰਾਸ (Evening Prayer) ਦਾ ਸਮਾਂ ਹੈ, ਮੈਂ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਤੇ ਪ੍ਰਸ਼ਾਦਾ ਛਕ ਕੇ ਆਵਾਂਗਾ। ਏਤਨੇ ਨੂੰ ਆਪ ਭੀ ਆਪਣੇ ਸਪਰ ਤੋਂ ਫਾਰਗ (ਵਿਹਲੇ) ਹੋ ਲਵੋਗੇ, ਫੇਰ ਦੁਬਿਧਾ ਰਹਿਤ ਹੋ ਕੇ ਹੀ ਗੋਸ਼ਟ ਕਰਾਂਗੇ। ਇਸ ਦੇ ਉਤਰ ਵਿਚ ਡਾਕਟਰ ਹੋਰਾਂ ਨੇ 'ਆਲ ਰਾਈਟ' (Allright) ਬਹੁਤ ਅੱਛਾ ਕਹਿ ਭੇਜਿਆ। ਆਪਣੇ ਆਥਣ ਦੇ ਨਿੱਤਨੇਮ ਤੋਂ ਸੁਰਖਰੂ ਹੋ ਕੇ ਸਿੰਘ ਹੋਰਾਂ ਨੇ ਡਾਕਟਰ ਜੀ ਨੂੰ (ਨੀਯਤ ਕੀਤੇ ਸਮੇਂ ਅਨੁਸਾਰ) ਜਾ ਫ਼ਤਹ ਗਜਾਈ।

ਡਾਕਟਰ—ਮੁਆਫ਼ ਕਰਨਾ, ਮੈਨੂੰ ਆਪ ਦੀ ਫਤਹ ਦਾ ਜਵਾਬ ਆਪ ਦੇ ਮਨ-ਮੰਨੇ ਪਦਾਂ ਵਿਚ ਦੇਣਾ ਨਹੀਂ ਆਉਂਦਾ, ਚਾਹੇ ਮੈਂ ਉਸ ਦਿਨ ਤੋਂ ਜਿਸ ਦਿਨ ਕਿ ਆਪ ਨੇ 'ਫ਼ਤਹ' ਦੀ ਵਿਆਖਿਆ


www.AKJ.Org

ਕਰ ਕੇ ਮੈਨੂੰ ਸੁਣਾਈ ਸੀ, ਮੈਂ ਆਪ ਦੀ ਫ਼ਤਹ ਨੂੰ ਪਸਿੰਦ (Appreciate) ਕਰਦਾ ਹਾਂ ਅਤੇ 'ਸਲਾਮ' ਗੁਡ ਮਾਰਨਿੰਗ (Good Morning) ਆਦਿਕ ਨਾਲੋਂ ਅਧਿਕ ਅੱਛੀ ਜਾਣਦਾ (ਤਰਜੀਹ ਦਿੰਦਾ) ਹਾਂ, ਪਰੰਤੂ ਮੈਂ ਆਪਣੀ ਜ਼ਬਾਨ ਤੋਂ ਅੱਛੀ ਤਰ੍ਹਾਂ ਨਾਲ ਆਪ ਦੀ ਫਤਹ ਵਾਲੇ ਪਦ ਉਚਾਰ ਅਦਾ ਨਹੀਂ ਕਰ ਸਕਦਾ। ਅਛਾ ਉਹੀ ਚਰਚਾ ਫਿਰ ਛੋੜੋ। ਭਲਾ ਅਸੀਂ ਕਿਥੇ ਸੀ ?

ਸਿੰਘ—ਅਸੀਂ ਏਸ ਨਿਸ਼ਾਨੇ ਤੇ ਅਟਕੇ ਹੋਏ ਸਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਹੈਨ ਕਿ ਨਹੀਂ ? ਆਪ ਦਾ ਇਹ ਦਾਵਾ ਹੈ ਕਿ ਭਿੰਨ ਹੈਨ। ਮੇਰਾ ਇਹ ਭਰੋਸਾ ਹੈ ਕਿ ਭਿੰਨ ਨਹੀਂ।

ਡਾਕਟਰ—ਹਾਂ, ਆਪ ਸਾਬਤ ਕਰੋ ਕਿ ਭਿੰਨ ਨਹੀਂ।

ਸਿੰਘ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ *ਗੁਣਾਂ ਦਾ ਪੁੰਜ ਹਨ ਅਤੇ ਗੁਣੀ ਤੇ ਗੁਣਾਂ ਦੀ ਪਰਸਪਰ ਅਭੇਦਤਾ ਹੈ, ਅਰਥਾਤ ਗੁਣੀ ਗੁਣਾਂ ਤੋਂ ਭਿੰਨ ਨਹੀਂ ਹੁੰਦਾ ਅਤੇ ਗੁਣਾਂ ਤੋਂ ਭਿੰਨ ਗੁਣੀ ਦਾ ਸਰੂਪ (ਵਜੂਦ Being or existence) ਹੀ ਅਸੰਭਵ ਹੈ।

ਡਾਕਟਰ—ਇਹ ਕਿਸ ਤਰ੍ਹਾਂ, ਮੇਰੀ ਸਮਝ ਵਿਚ ਨਹੀਂ ਆਇਆ ?

ਸਿੰਘ—ਆਪ ਆਪਣੇ ਗੁਣਾਂ ਤੋਂ ਭਿੰਨ ਕੁਛ ਹੋਰ ਭੀ ਹੋ ?

ਡਾਕਟਰ—ਕਿਉਂ ਨਹੀਂ, ਮੈਂ ਕੁਛ ਹੋਰ ਚੀਜ਼ ਹਾਂ ਅਤੇ ਮੇਰੇ ਗੁਣ ਕੁਛ ਹੋਰ ਮੈਥੋਂ ਵਖ ਚੀਜ਼ ਹਨ।

ਸਿੰਘ-ਭਲਾ, ਮੈਨੂੰ ਜਣਾਓ ਤਾਂ ਸਹੀ ਕਿ ਆਪ ਆਪਣੇ ਗੁਣਾਂ ਤੋਂ ਵਖ ਕੋਈ ਹੋਰ ਚੀਜ਼ ਕਿਵੇਂ ਹੋ ?

ਡਾਕਟਰ—ਜਣਾਵਣ ਦੀ ਕੀ ਥੋੜ ਹੈ। ਇਹ ਤਾਂ ਸਾਫ ਹੀ ਹੈ ਕਿ ਮੈਂ ਮੈਂ ਹੀ ਹਾਂ ਅਤੇ ਮੇਰੇ ਗੁਣ, ਮੇਰੇ ਗੁਣ ਹੀ ਹਨ।

ਸਿੰਘ—ਆਪ ਅਜੇ ਆਪਣੇ ਆਪ ਨੂੰ ਮੇਰੇ ਤਾਂਈਂ ਆਪਣੇ ਗੁਣਾਂ ਤੋਂ ਭਿੰਨ ਨਹੀਂ ਜਣਾ ਸਕੇ, ਨਾ ਆਪ ਮੈਨੂੰ ਏਹਨਾਂ ਗੁਣਾਂ ਤੋਂ ਭਿੰਨ ਕੋਈ ਹੋਰ ਚੀਜ਼ਾਂ ਜਾਪਦੇ ਹੋ।

ਡਾਕਟਰ—ਦੇਖੋ ! ਮੈਂ ਸਾਫ਼ ਆਪ ਦੇ ਸਾਹਮਣੇ ਬੈਠਾ ਹਾਂ।

ਸਿੰਘ—ਮੈਨੂੰ ਇਸ ਸਮੇਂ ਜੋ ਕੁਛ ਖੋਜ ਆਪ ਦਾ ਮਿਲਦਾ ਹੈ ਸੋ ਕੇਵਲ ਆਪ ਦੇ ਕਥੇ ਬਚਨਾਂ ਦੇ ਅਰਥਾਂ ਵਿਚ ਹੀ ਮਿਲਦਾ ਹੈ ਕਿ ਆਪ ਉਹ ਚੀਜ਼ ਹੋ ਜੋ ਮੇਰੇ ਸਾਹਮਣੇ ਬੈਠੇ ਹੋ, ਇਹ ਆਪ ਦਾ ਮੇਰੇ ਸਾਹਮਣੇ ਬੈਠਣ ਰੂਪੀ ਹੀ ਗੁਣ ਹੈ ਜੋ ਆਪ ਨੂੰ (ਅਰਥਾਤ ਆਪ ਦੇ ਸਰੂਪ ਨੂੰ) ਮੇਰੇ ਤਾਈਂ ਜਣਾਂਵਦਾ ਹੈ। ਇਸ ਗੁਣ ਬਿਹੂਣ ਅਥਵਾ ਇਸ ਗੁਣ ਤੋਂ ਭਿੰਨ ਆਪ ਕੁਛ ਨਹੀਂ ਹੋ। ਅਰਥਾਤ ਜੇ ਕਰ ਆਪ ਦਾ ਮੇਰੇ ਸਾਹਮਣੇ ਬੈਠਣ ਵਾਲਾ ਗੁਣ ਲੋਪ ਹੋ ਜਾਏ ਤਦ ਆਪ ਭੀ ਇਸ ਗੁਣ ਦੇ ਨਾਲ ਹੀ ਲੋਪ ਹੋ ਗਏ। ਦਸੋ, ਕਦੇ ਲੋਪ ਹੋਣੋਂ ਰਹਿ ਸਕਦੇ ਹੋ ?

ਡਾਕਟਰ—ਭਲਾ, ਕਿਸ ਤਰ੍ਹਾਂ, ਮੈਂ ਨਹੀਂ ਸਮਝਿਆ ਆਪ ਕੀ ਕਹਿੰਦੇ ਹੋ ?

ਸਿੰਘ—ਆਪ ਜੇ ਕਰ ਆਪਣੇ ਕਥਨ ਅਨੁਸਾਰ ਮੇਰੇ ਸਾਹਮਣੇ ਨਾ ਬੈਠੇ ਹੋਵੋ ਤਦ ਮੈਂ ਕਿਸ ਤਰ੍ਹਾਂ ਜਾਣਾਂ ਕਿ ਆਪ ਕੀ ਹੋ। ਹੋ, ਤਾਂ ਕੀ ਵਸਤੂ ? ਏਹ ਆਪ ਦਾ ਮੇਰੇ ਸਾਹਮਣੇ ਬੈਠਣ ਰੂਪੀ ਗੁਣ ਹੀ ਹੈ ਜੋ ਮੈਨੂੰ ਇਹ ਗਲ ਜਣਾਂਵਦਾ ਹੈ ਕਿ ਆਪ ਹੋ। ਇਸ ਗੁਣ ਤੋਂ ਭਿੰਨ ਆਪ ਕੱਖ ਨਹੀਂ ਰਹਿੰਦੇ। (ਚਲਦਾ)

---

*ਸ: ਗੁਰਪਾਲ ਸਿੰਘ ਜੀ (ਲੰਡਨ)ਆਡੀਟਰ ਅੰਮ੍ਰਿਤਸਰ ਨੇ ਸ਼ੰਕਾ ਪ੍ਰਗਟ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ।



www.AKJ.Org

# ਅੰਮ੍ਰਿਤ ਵੇਲਾ—(ਨੰ: ੯)

(ਡਾਕਟਰ ਤੇਜਇੰਦਰ ਸਿੰਘ ਜੀ, ਭੂਪਾਲ)

## ਅੰਮ੍ਰਿਤ ਵੇਲਾ ਤੇ ਸੰਗੀਤ

ਅੰਮ੍ਰਿਤ ਵੇਲੇ ਦਾ ਰਾਗ ਹੈ ਆਸਾ (ਰਾਗਨੀ), ਅੰਮ੍ਰਿਤ ਵੇਲੇ ਦੀ ਨਿਸਚਿਤ ਬਾਣੀ ਹੈ ਆਸਾ ਦੀ ਵਾਰ, ਇਸ ਦੇ ਗਾਇਨ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖਾਸ ਹੁਕਮ ਦਰਜ ਹੈ ਕਿ ਗਾਈ ਜਾਵੇ ਇਕ ਖਾਸ ਧੁਨੀ ਵਿਚ, ਜਿਸ ਦਾ ਨਾਮ ਹੈ 'ਟੁੰਡੇ ਅਸਰਾਜੇ ਹੀ ਧੁਨੀ'। ਕੀਰਤਨੀ ਜਥਿਆਂ ਦਾ ਕੋਈ ਉਪਰਾਲਾ ਨਹੀਂ ਦਿਸਦਾ ਕਿ ਆਸਾ ਦੀ ਵਾਰ ਦਾ ਗਾਇਣ ਇਸ ਧੁਨੀ ਵਿਚ ਹੋਵੇ ਇਹ ਗਲ ਗੁਰੂ ਜੀ ਦੀ ਦੱਸੀ ਮੱਤ ਅਨੁਸਾਰ ਨਹੀਂ, ਸੋ ਜ਼ਰੂਰੀ ਗਲ ਹੈ ਕਿ ਘਟੋ ਘਟ ਆਸਾ ਦੀ ਵਾਰ ਦੀਆਂ ਪੌੜੀਆਂ ਇਸ ਧੁਨੀ ਵਿਚ ਗਾਈਆਂ ਜਾਵਣ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੀ ਬਾਣੀ ਆਸਾ ਰਾਗ ਵਿਚ ਹੀ ਰਚੀ ਹੈ ਤੇ ਇਸ ਦਾ ਭੀ ਕੋਈ ਪਰਮਾਰਥਕ ਭੇਦ ਹੋਵੇਗਾ ਕਿ ਆਸਾ ਦੀ ਵਾਰ ਰੋਜ਼ ਗਾਵੀਂ ਜਾਵੇ ਤੇ ਤਕਰੀਬਨ ਅੰਮ੍ਰਿਤ ਵੇਲੇ ਦਾ ਸਾਰਾ ਸਮਾਂ ਸਿਰਫ਼ ਇਸੇ ਇਕ ਬਾਣੀ ਨੂੰ ਲਗ ਜਾਵੇ। ਗੁਰੂ ਜੀ ਦਾ ਮਨ ਤਾਂ ਸਿਰਫ਼ ਗੁਰੂ ਜੀ ਆਪ ਹੀ ਜਾਣਦੇ ਸਨ ਪਰ ਵਿਚਾਰ ਹਰ ਕੋਈ ਪੇਸ਼ ਕਰ ਸਕਦਾ ਹੈ। ਐਉਂ ਪ੍ਰਤੀਤ ਹੁੰਦਾ ਹੈ ਕਿ ਆਸਾ ਦੀ ਵਾਰ ਸੰਤ ਸਿਪਾਹੀ ਦੀ ਬਣਤਰ ਵਾਸਤੇ ਇਕ ਖਾਸ ਕੰਮ ਕਰਦੀ ਹੈ।

ਵਾਰ ਆਖਦੇ ਹਨ ਉਸ ਕਵਿਤਾ ਨੂੰ ਜਿਸ ਵਿਚ ਬਹਾਦਰ ਜੋਧਿਆਂ ਦੀਆਂ ਜੰਗ ਦੀਆਂ ਜਿੱਤਾਂ ਜਾਂ ਉਨ੍ਹਾਂ ਦੇ ਕਰਤੱਵਾਂ ਦੇ ਗੁਣਾਂ ਦਾ ਵਰਣਨ ਹੋਵੇ। ਇਸ ਵਿਚ ਬਹਾਦਰੀ ਦੀ Spirit (ਭਾਵ) ਜੋਸ਼ ਤੇ ਉਤਸ਼ਾਹ ਭਰਿਆ ਹੁੰਦਾ ਹੈ ਤੇ ਇਹੋ ਅਸਰ ਉਤਪੰਨ ਹੁੰਦਾ ਹੈ ਸਰੋਤਿਆ ਤੇ। ਸੋ ਆਸਾ ਦੀ ਵਾਰ ਸਿਪਾਹੀ ਦੀ (ਰੂਹ) ਪੈਦਾ ਕਰਨ ਲਈ ਸਹਾਇਕ ਹੈ, ਦੂਜੇ ਪਾਸੇ ਵਾਹਿਗੁਰੂ ਜੀ ਦੇ ਗੁਣ ਗਾਇਣ ਕਰਕੇ ਠੰਡ ਸ਼ਾਂਤੀ ਤੇ ਪਿਆਰ ਬਖਸ਼ਦੀ ਹੈ, 'ਖੁਨਕ ਨਾਮ ਖੁਦਾਇਆ' ਦੀ ਦਾਤਾ ਹੈ। ਸੋ ਆਸਾ ਦੀ ਵਾਰ ਸੰਤ ਸੁਭਾ ਬਨਾਉਣ ਦੀ ਕਰਤਾ ਹੈ। ਦੋਵੇਂ ਗੁਣ ਜਦ ਰਲ ਜਾਣ ਤਾਂ ਅੰਤਰ ਆਤਮੇ 'ਸੰਤ ਸਿਪਾਹੀ ਦਾ ਬੀਜ ਬੀਜਿਆ ਜਾਂਦਾ ਹੈ।'

(੨) ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਨ ਵਾਲੇ ਜਥੇ ਨੂੰ ਰਉਕੀ ਆਖਦੇ ਹਨ ਕਿਉਂ ਜੋ ਇਸ ਦੇ ਗਾਉਣ ਵਾਲੇ ਪੁਰਾਤਨ ਸਮੇਂ ਤੋਂ ਹੀ ਘਟੋ ਘਟ ਚਾਰ ਸਰੀਰ ਹੁੰਦੇ ਸਨ। ਇਕ ਮਹੰਤ, ਇਕ ਜੋੜੀ ਵਾਲਾ ਤੇ ਦੋ ਸੁਰ ਮਿਲਾਉਣ ਵਾਲੇ ਕੀਰਤਨ ਵਿਚ ਸਹਾਇਕ, ਸਲੋਕ ਆਦਿ ਪੜ੍ਹਨ ਵਾਲੇ। ਪਉੜੀ ਨੂੰ ਗਾ ਕੇ ਫਿਰ ਪੜ੍ਹਿਆ ਭੀ ਜਾਂਦਾ ਹੈ ਜੋ ਬਹੁਤ ਵੇਰੀ ਜੋੜੀ ਵਾਲਾ ਹੀ ਪੜ੍ਹਦਾ ਹੈ।

ਅਜ ਕਲ ਆਮ ਹਾਰਮੋਨੀਅਮ ਵਾਜੇ ਦਾ ਬਹੁਤ ਰਿਵਾਜ ਪੈ ਗਿਆ ਹੈ ਪਰ ਹਾਰਮੋਨੀਅਮ ਵਿਚ ਸੰਗੀਤ ਦੀ ਉਹ ਬਾਰੀਕੀ ਤੇ ਉਹ ਰਸ ਨਹੀਂ ਉਪਜ ਸਕਦਾ ਜੋ ਤੰਤੀ ਤੇ ਤਾਰ ਦੇ ਸਾਜ਼ ਤੋਂ ਉਪਜਦਾ ਹੈ। ਸੋ ਇਹ ਜ਼ਰੂਰੀ ਹੈ ਕਿ ਕੀਰਤਨੀਏ ਜਥੇ ਵਿਚ ਘਟੋ ਘਟ ਇਕ ਤੰਤੀ ਸਾਜ਼ ਵਾਲਾ ਸਿੰਘ ਹੋਵੇ। ਜੇ ਸਾਰੇ ਹੀ ਤੰਤੀ ਸਾਜ਼ ਵਾਲੇ ਹੋਣ ਫਿਰ ਤਾਂ ਗਲ ਹੀ ਕੀ ਹੈ ਤੰਤੀ ਦੇ ਸਾਜ਼ ਗੁਰਸਿਖਾਂ



www.AKJ.Org

ਵਿਚ ਜੋ ਆਮ ਵਰਤੇ ਜਾਂਦੇ ਹਨ ਉਹ ਹਨ ਤਾਊਸ, ਸਰੰਦਾ ਤੇ ਰਬਾਬ।

(੩) ਕੀਰਤਨ ਤੇ ਰਾਗ ਵਿਚ ਬਹੁਤ ਫਰਕ ਹੈ। ਕਈ ਕੀਰਤਨੀਏ ਰਾਗੀ ਹੁੰਦੇ ਹਨ ਪਰ ਵਾਸਤਵ ਵਿਚ ਕੀਰਤਨੀਏ ਨਹੀਂ ਹੁੰਦੇ। ਰਾਗੀ ਉਹੋ ਜੋ ਰਾਗ ਵਿਚ ਮਾਹਰ ਹੈ, ਕੀਰਤਨ ਕਰਦਿਆਂ ਭੀ ਰਾਗ ਨੂੰ ਪ੍ਰਧਾਨ ਰਖਦਾ ਹੈ। ਹਰ ਤੁਕ ਜਾਂ ਦੋ ਤੁਕਾਂ ਮਗਰੋਂ ਉਸਦੀ ਆ...ਆ...ਆ...ਲਗੀ ਰਹੇਗੀ। ਅਖਰ ਟੁਟ ਕੇ ਰਾਗ ਵਿਚ ਆਉਣਗੇ, ਸਰੋਤਿਆਂ ਨੂੰ ਘਟ ਜਾਂ ਬਿਲਕੁਲ ਸਮਝ ਨਹੀਂ ਪਵੇਗੀ। ਰਾਗ ਦੇ ਜਾਨਣ ਵਾਲਾ ਉਸ ਵਿਚ ਅਨੰਦ ਪ੍ਰਾਪਤ ਕਰੇਗਾ ਪਰ ਸਿਰਫ ਰਾਗ ਦੇ ਰਸ ਦਾ। ਬਾਣੀ ਦੂਸਰੇ ਦਰਜੇ ਤੇ ਰਹੇਗੀ, ਜੋ ਨਿਰਾ ਰਾਗ ਹੋਵੇਗਾ।

ਕੀਰਤਨ ਉਹ ਗਾਇਣ ਹੈ ਜਿਸ ਵਿਚ ਸ਼ਬਦ ਮੁਖ ਹੈ। ਰਾਗ ਨਿਰਾ Conduit pipe (ਇਕ ਜ਼ਰੀਯਾ) ਹੀ ਹੈ। ਰਾਗ ਨਾਮ ਪ੍ਰੇਮ ਦਾ ਹੈ। ਉਹ ਬਾਣੀ ਨੂੰ ਪ੍ਰੇਮ ਨਾਲ ਜੋੜ ਦੇਂਦਾ ਹੈ ਤਾਂ ਜੇ ਉਸ ਦੀ ਤਸੀਰ ਵਧੇ। ਕੀਰਤਨ ਵਿਚ ਰਾਗ Subsidiary (ਅਧੀਨ) ਹੈ ਰਾਗ ਜ਼ਰੀਯਾ (ਸਾਧਨ) ਹੈ। ਰਾਗ ਗੱਡੀ ਹੈ ਜਿਸ ਤੇ ਬਾਣੀ ਸਵਾਰ ਹੈ। ਕੀਰਤਨ ਵਿਚ ਸਭ ਤੋਂ ਵਡ ਵਸਤੂ ਤਾਸੀਰ (ਪ੍ਰਭਾਵ) ਹੈ ਬਾਣੀ ਦੀ, ਜੋ ਸਰੋਤੇ ਦੇ ਹਿਰਦੇ ਤੇ ਕਰਦੀ ਹੈ ਅਸਰ।

ਤਾਸੀਰ ਦੋ ਚੀਜ਼ਾਂ ਤੋਂ ਪੈਦਾ ਹੁੰਦੀ ਹੈ ਇਕ ਰਾਗ ਤੋਂ ਜਿਵੇਂ ਉਪਰ ਦਸਿਆ ਹੈ। ਇਹ External factor (ਬੈਰੂਨੀ ਪੱਖ) ਹੈ ਦੂਜਾ ਅੰਦਰੂਨੀ ਹੈ। ਕੀਰਤਨੀਏ ਦੇ ਅੰਦਰ ਜਿਤਨੀ ਕੁ ਜੋਤਿ ਜਾਗੀ ਹੋਵੇਗੀ, ਜਿਤਨਾ ਕੁ ਉਸਦਾ ਜੀਵਨ ਸੁਛ ਹੋਵੇਗਾ, ਜਿਤਨਾ ਕੁ ਨਾਮ ਬਾਣੀ ਦਾ ਅਭਿਆਸੀ ਹੋਵੇਗਾ, ਜਿਤਨੀ ਕੁ ਉਸਦੀ ਰਹਿਣੀ ਬਹਿਣੀ ਗੁਰਮੁਖਾਂ ਵਾਲੀ ਹੋਵੇਗੀ ਉਤਨੀ ਹੀ ਉਸ ਦੀ ਕਥਨੀ ਤੇ ਉਸਦੇ ਕੀਰਤਨ ਵਿਚ ਤਾਸੀਰ ਹੋਵੇਗੀ।

ਕੀਰਤਨ ਵਿਚ ਤਾਸੀਰ ਦਾ ੬੦% ਸਥਾਨ ਚਾਹੀਦਾ ਹੈ। ਬਾਕੀ ਹਨ ਸ਼ੁਧ ਬਾਣੀ, ਰਾਗ, ਮੁਦ੍ਰਾ ਆਦਿ ਦੇ।

(੪) ਰਾਗ ਆਪਣੇ ਆਪ ਵਿਚ ਤਾਸੀਰ ਰਖਦਾ ਹੈ। ਇਹ ਇਕ ਤਾਕਤ ਹੈ। ਇਸ ਦਾ ਅਸਰ ਸਹਿਜੇ ਪਰ ਪੱਕ ਪੈਂਦਾ ਹੈ। ਤਾਸੀਰ ਐਸੀ ਪੈਣੀ ਚਾਹੀਦੀ ਹੈ ਜੋ ਖਿੰਡੀਆਂ ਬ੍ਰਿਤੀਆਂ ਨੂੰ ਜੋੜੇ, ਨਾ ਕਿ ਬ੍ਰਿਤੀ ਨੂੰ ਖਿੰਡਾਵੇ। ਸ਼ਬਦ ਪੜ੍ਹਨ ਲਗੇ ਸਿਨੇਮਾ ਦੀ ਤਰਜ਼ ਨਹੀਂ ਲਾਉਣੀ ਚਾਹੀਦੀ। ਸਿਨੇਮਾਂ ਦੀਆਂ ਤਰਜ਼ਾਂ ਮਨ ਨੂੰ ਮੁਤਸ਼ਿਰ ਕਰਦੀਆਂ, ਭਟਕਾਉਂਦੀਆਂ ਜਾਂ ਖਿੰਡਾਉਂਦੀਆਂ ਹਨ। ਟਿਕਾਉ ਉਡ ਜਾਂਦਾ ਹੈ, ਅਡੋਲਤਾ ਹਟ ਜਾਂਦੀ ਹੈ। ਚੰਚਲਤਾ ਡੇਰੇ ਲਾ ਲੈਂਦੀ ਹੈ। ਇਕਾਗ੍ਰਤਾ ਖਤਮ ਹੋ ਜਾਂਦੀ ਹੈ।

## ਅੰਮ੍ਰਿਤ ਵੇਲਾ ਤੇ ਗੁਰਮਤ ਸੰਸਕਾਰ

ਹਰ ਮਰਿਯਾਦਾ ਜਾਂ ਸੰਸਕਾਰ, ਜਿਵੇਂ ਜਨਮ ਸੰਸਕਾਰ, ਨਾਮ ਸੰਸਕਾਰ, ਵਿਵਾਹ ਸੰਸਕਾਰ, ਗ੍ਰਿਹ ਪ੍ਰਵੇਸ਼ ਸੰਸਕਾਰ, ਆਦਿ ਸਾਰਿਆਂ ਬਾਰੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਐਉਂ ਲਿਖਿਆ ਹੈ:—

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥
ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥

[ਵਾਰ ਸਿਰੀ ਰਾਗੁ ਮ: ੧-੨੦

ਭਾਵ ਇਹ ਕਿ ਜੋ ਵੀ ਅਸੀਂ ਕੰਮ ਕਰਨਾ ਚਾਹੀਏ, ਉਹ ਵਾਹਿਗੁਰੂ ਜੀ ਨੂੰ ਆਖੀਏ, ਅਥਵਾ ਉਨ੍ਹਾਂ ਅਗੇ ਅਰਦਾਸ ਕਰੀਏ। ਇਹ ਫਰਜ਼ ਹਰ ਸਿਖ ਲਈ ਜ਼ਰੂਰੀ ਹੈ। ਸਚੇ ਸਤਿਗੁਰੂ ਜੀ ਨੂੰ ਸਾਖੀ ਬਣਈਏ ਤਾਂ ਜੋ ਕਾਰਜ ਸੌਰ ਜਾਵੇ। ਤੇ ਸੰਤਾਂ ਦੀ ਸੰਗਤ ਦਾ ਅੰਮ੍ਰਿਤ ਚਖੀਏ॥ ਭਾਵ ਸਤਿਸੰਗ ਕਰੀਏ।

ਸੋ ਜੇ ਕਿਸੇ ਕੰਮ ਦੀ ਸਫਲਤਾ ਲਈ ਅਰਦਾਸ ਕਰਨੀ ਹੈ ਤਾਂ ਉਹ ਅੰਮ੍ਰਿਤ ਵੇਲੇ ਹੀ ਹੋਵੇਗੀ ਤਾਂ ਜੋ ਉਹ ਸੁਣੀ ਜਾਵੇ।

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥



www.AKJ.Org

ਅਰਥ: ਜਦ ਜੀਵ ਅੰਮ੍ਰਿਤ ਵੇਲੇ ਹਰੀ ਦੀ ਦਰਗਾਹ ਵਿਚ ਅਰਦਾਸ ਕਰਦਾ ਹੈ ਤਾਂ ਹਰੀ ਮੋਹਰ ਵਿਚ ਆਕੇ ਗੁਰੂ ਜੀ ਨੂੰ ਕਹਿੰਦਾ ਹੈ ਕਿ ਸ਼ਬਦ ਦੀ ਵਰਖਾ ਕਰੋ।

ਇਸ ਸਲੋਕ ਵਿਚ 'ਤਾਂ' ਅਖਰ ਧਿਆਨ ਯੋਗ ਹੈ। ਸੋ ਅਰਦਾਸ ਜੇ ਅੰਮ੍ਰਿਤ ਵੇਲੇ ਹੋਣੀ ਹੈ ਤੇ ਸੰਸਕਾਰ ਸਾਰੇ ਅਰਦਾਸ ਕਰਕੇ ਹੀ ਕਰਨੇ ਹਨ; ਤਦ ਸਰਬ ਸੰਸਕਾਰ ਅੰਮ੍ਰਿਤ ਵੇਲੇ ਹੀ ਹੋਣਗੇ।

## ਅੰਮ੍ਰਿਤ ਵੇਲਾ ਤੇ 'ਸੁਖਮਨੀ ਸਾਹਿਬ'

ਅਜ ਕਲ ਬਹੁਤ ਸਾਰੇ ਗੁਰਦੁਆਰਿਆਂ ਵਿਚ, ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਬਹੁਤ ਕਰਕੇ ਪ੍ਰਚਲਤ ਹੋ ਗਿਆ ਹੈ। ਕਈ ਥਾਈਂ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲੇ ਸੁਖਮਨੀ ਸਾਹਿਬ ਦਾ ਸੰਗਤੀ ਪਾਠ ਕੀਤਾ ਜਾਂਦਾ ਹੈ। ਸਤਿਕਾਰ ਯੋਗ ਭਾਈ ਸਾਹਿਬ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਟੀਕੇ ਦੀ ਚੌਥੀ ਸੰਥਯਾ ਪੋਥੀ ਦੇ ਪੰਨਾ ੧੬੫੧ ਪਰ ਲਿਖਿਆ ਹੈ-ਸ੍ਰੀ ਦਰਬਾਰ ਸਾਹਿਰ ਵਿਚ ਇਕ ਸਜਣ ਸੁਖਮਨੀ ਦਾ ਪਾਠ ਸਹਿਜੇ ੨ ਅੰਮ੍ਰਿਤ ਵੇਲੇ ਕਰਦਾ ਰਹਿੰਦਾ ਹੈ। ਆਸਾ ਦੀ ਵਾਰ ਵਿਚ ਇਕ ਪਉੜੀ ਤੇ ਆਕੇ ਰਾਗੀ ਸਿੰਘ ਕੀਰਤਨ ਬੰਦ ਕਰ ਦਿੰਦੇ ਹਨ ਤੇ ਸੁਖਮਨੀ ਦੇ ਪਾਠ ਕਰਨ ਵਾਲਾ ਸਜਣ ਉਠਕੇ ਸੁਖਮਨੀ ਸਾਹਿਬ ਦੇ ਭੋਗ ਦੀ ਪਉੜੀ ਦਾ ਉਚਾਰਨ ਕਰਦਾ ਹੈ; ਫੇਰ ਕੀਰਤਨ ਮੁੜ ਸ਼ੁਰੂ ਹੋ ਜਾਂਦਾ ਹੈ।' ਇਹ ਪੁਰਾਤਨ ਮਰਿਯਾਦਾ ਚਲੀ ਆ ਰਹੀ ਹੈ।

## ਸੁਖਮਨੀ ਦੀ ਮਹੱਤਤਾ

ਸੁਖਮਨੀ ਬੜੀ ਸੌਖੀ ਤੇ ਛੇਤੀ ਸਮਝ ਆ ਜਾਣ ਵਾਲੀ ਬਾਣੀ ਹੈ। ਪੁਰਾਣੇ ਸਿੰਘਾਂ ਵਿਚ ਇਸ ਦਾ ਪਾਠ ਨਿਤਨੇਮ ਦਾ ਹਿਸਾ ਰਿਹਾ ਹੈ। ਪਿਆਰ ਨਾਲ ਕਈ ਗੁਰਮੁਖ ਇਕ ਤੋਂ ਵਧ ਪਾਠ ਭੀ ਕਰਦੇ ਹਨ। ਮੇਰੇ ਇਕ ਪਿਆਰ ਵਾਲੇ ਮਿੱਤ੍ਰ ਜੀ ਸੁਖਮਨੀ ਸਾਹਿਬ ਦੇ ਪੰਜ ਪਾਠ ਰੋਜ਼ ਕਈ ਸਾਲਾਂ ਤੋਂ ਲਗਾਤਾਰ ਕਰ ਰਹੇ ਹਨ। ਇਕ ਬੀਬੀ ਭੈਣ ਜੀ ਹਨ ਜੋ ਪਿਆਰ ਸਹਿਤ ਕਦੇ ਕਿਤਨੇ ਤੇ ਕਦੇ ਕਿਤਨੇ ਪਾਠ ਕਰਦੇ ਹਨ। ਵਧ ਤੋਂ ਵਧ ਦਿਨ ਵਿਚ ਉਨ੍ਹਾਂ ਬਾਰਾਂ ਸੁਖਮਨੀ ਸਾਹਿਬ ਦੇ ਪਾਠ ਦਿਨ ਪ੍ਰਤੀ ਕੀਤੇ ਹਨ ਤੇ ਘਰ ਬਾਹਰ ਦਾ ਹੋਰ ਕੰਮ ਕਾਜ ਭੀ ਪੂਰਾ ਨਿਭਾਉਂਦੇ ਹਨ। ੨੪ਵੀਂ ਅਸ਼ਟਪਦੀ 'ਚ ਇਸ ਬਾਣੀ ਦਾ ਮਹਾਤਮ ਲਿਖਿਆ ਹੈ ਜੋ ਬਹੁਤ ਮਹਾਨ ਤੇ ਵਿਸਮਾਦਕ ਹੈ। ਇਹ ਵੀ ਸੁਨਣ ਵਿਚ ਆਇਆ ਹੈ ਕਿ ਇਸ ਬਾਣੀ ਦਾ ਇਕ ਪਾਠ, ਕਰਨ ਵਾਲੇ ਦੇ ੨੪ ਘੰਟੇ ਦੇ ਸਵਾਸਾਂ ਦੀ ਸਫ਼ਲਤਾ ਬਖਸ਼ਦਾ ਹੈ।

## ਸੁਖਮਨੀ ਤੇ ਆਸਾ ਦੀ ਵਾਰ

ਸੁਖਮਨੀ ਦੇ ਪਾਠ ਦਾ ਕੋਈ ਨਿਸਚਿਤ ਵੇਲਾ ਨਹੀਂ। ਹਰ ਵਕਤ ਹੋ ਸਕਦਾ ਹੈ ਦਿਨੇ ਰਾਤ ਸਵੇਰੇ ਸ਼ਾਮ ਸਭ ਵੇਲੇ ਠੀਕ ਹਨ, ਪਰ ਆਸਾ ਦੀ ਵਾਰ ਦਾ ਵਕਤ ਨਿਸਚਿਤ ਹੈ। ਆਸਾ ਦੀ ਵਾਰ ਤਿੰਨ ਚੀਜ਼ਾਂ ਨਾਲ ਜੁੜੀ ਹੋਈ ਹੈ (੧) ਇਸ ਦਾ ਅੰਮ੍ਰਿਤ ਵੇਲਾ ਨਿਸਚਿਤ ਹੈ। (੨) ਇਹ ਰਾਗ ਆਸਾ ਵਿਚ ਗਾਈ ਜਾਣੀ ਹੈ। ਉਸ ਰਾਗ ਦਾ ਭੀ ਵਕਤ ਮੁਕਰਰ ਹੈ। (੩) ਇਸ ਬਾਣੀ ਦਾ ਗਾਇਣ ਹੋਣਾ ਹੈ ਜਿਸ ਦਾ ਭਾਵ ਇਹ ਹੈ ਕਿ ਸਾਧ ਸੰਗਤ ਵਿਚ ਕੀਰਤਨ ਹੋਣਾ ਹੈ। ਕੀਰਤਨ ਵਿਸ਼ੇਸ਼ ਕਰ ਕੇ ਗੁਰਦੁਆਰੇ ਹੋਣਾ ਹੈ। ਕੀਰਤਨ ਲਈ ਖ਼ਾਸ ਉਪਰਾਲੇ ਦੀ ਲੋੜ ਹੈ ਕਿ ਮਾਇਆ ਇਕੱਤ੍ਰ ਕਰਕੇ ਚੰਗੇ ਕੀਰਤਨੀਏ ਰਖੇ ਹੋਣ। ਸੁਖਮਨੀ ਦੀ ਬਾਣੀ ਇਨ੍ਹਾਂ ਗਲਾਂ ਤੋਂ ਸੁਤੰਤਰ ਹੈ। ਨੇਮ ਨਾਲ ਪਾਠ ਕਰਨ ਵਾਲੀਆਂ ਬਾਣੀਆਂ ਅਗੇ ਪਿਛੇ ਪੜ੍ਹੀਆਂ ਜਾ ਸਕਦੀਆਂ ਹਨ, ਜਾਂ ਘਰ ਪੜ੍ਹੀਆਂ ਜਾ ਸਕਦੀਆਂ ਹਨ। ਗੁਰਦਵਾਰੇ ਵਿਚ ਆਸਾ ਦੀ ਵਾਰ ਆਪਣੇ ਨਿਸਚਿਤ ਵਕਤ ਤੇ ਹੀ ਰਹਿਣੀ ਯੋਗ ਹੈ। ਸੁਖਮਨੀ ਦਾ ਪਾਠ ਹਰ ਸਿਖ ਜਿਥੇ ਚਾਹੇ ਕਰ ਸਕਦਾ ਹੈ ਪਰ ਘਰ ਕੀਰਤਨੁ ਸੌਖਿਆਂ ਪ੍ਰਾਪਤ



www.AKJ.Org

ਨਹੀਂ ਹੋ ਸਕਦਾ। ਸੋ ਗੁਰਦੁਆਰਿਆਂ ਵਿਚ ਕੀਰਤਨ ਹੋਣਾ ਬਹੁਤ ਜ਼ਰੂਰੀ ਹੈ। ਖਾਸ ਕਰ ਤ੍ਰੈ ਪਹਿਰੇ ਜਾਂ ਅੰਮ੍ਰਿਤ ਵੇਲੇ ਦੇ ਸਮੇਂ ਤਾਂ ਨਿਰੋਲ ਕੀਰਤਨ ਲਈ ਨਿਸਚਿਤ ਹੋਣੇ ਚਾਹੀਦੇ ਹਨ। ਹਰ ਸਿਖ ਨੂੰ ਆਪ ਕੀਰਤਨ ਕਰਨ ਦਾ ਕੁਝ ਨਾ ਕੁਝ ਅਭਿਆਸ ਜ਼ਰੂਰੀ ਚਾਹੀਦਾ ਹੈ ਤਾਂ ਜੋ ਹੋਰ ਕੁਝ ਨਹੀਂ ਤਾਂ ਆਪੋ ਆਪਣੇ ਟਿਕਾਣੇ ਜੋੜੀਆਂ ਨਾਲ ਹੀ ਕੀਰਤਨ ਕਰ ਲਿਆ ਜਾਵੇ। ਕੀਰਤਨ ਨਿਰਮੋਲਕ ਹੀਰਾ ਹੈ, ਇਸਦੀ ਪ੍ਰਾਪਤੀ ਨਿਤਾਪ੍ਰਤੀ ਲੋੜੀਂਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ, ਕੀਰਤਨ ਕਰ ਕੇ ਹੀ, ਨਿੰਮ੍ਰਤਾ ਵਿਚ ਆ ਕੇ, ਆਪਣੇ ਆਪ ਨੂੰ ਢਾਡੀ ਆਖਿਆ ਹੈ:

'ਹਉ ਢਾਡੀ ਵੇਕਾਰੁ ਕਾਰੈ ਲਾਇਆ॥'

ਗੁਰਬਾਣੀ ਦੋ ਪ੍ਰਕਾਰ ਦੀ ਆਖੀ ਜਾ ਸਕਦੀ ਹੈ:—

(੧) ਸਮੇਂ ਮੁਤਾਬਕ ਨਿਸਚਿਤ ਬਾਣੀ ਜਿਵੇਂ ਜਪੁਜੀ, ਜਾਪ ਜੀ, ਰਹਿਰਾਸ, ਕੀਰਤਨ ਸੋਹਿਲਾ, ਆਸਾ ਦੀ ਵਾਰ।

(੨) ਸਮੇਂ ਤੋਂ ਸੁਤੰਤਰ, ਸੁਹਿਤ ਬਾਣੀ, ਜਿਸ ਵਾਸਤੇ ਕੋਈ ਸਮਾਂ ਨਹੀਂ ਜਾਂ ਸਾਰੇ ਸਮੇਂ ਹਨ। ਅਰਥਾਤ ਪਿਆਰ ਵਿਚ ਜਿਸ ਵੇਲੇ ਵੀ ਪ੍ਰੇਰਣਾ ਹੋ ਜਾਵੇ ਪੜ੍ਹੀ ਜਾਵੇ। ਨਿਸਚਿਤ ਸਮੇਂ ਦੀ ਬਾਣੀ ਨਿਸਚਿਤ ਸਮੇਂ ਹੀ ਪੜ੍ਹੀ ਜਾਂਦੀ ਹੈ।

ਸਾਰੀ ਬਾਣੀ ਅੰਮ੍ਰਿਤ ਹੈ,ਕੋਈ ਫ਼ਰਕ ਨਹੀਂ। ਫ਼ਰਕ ਹੈ ਤਾਂ ਉਸ ਦੇ ਸਮੇਂ ਤੇ ਜੋ ਬਾਣੀ ਨਿਸਚਿਤ ਹੈ, ਉਹੋ ਪੜ੍ਹੀ ਅਤੇ ਗਾਈ ਜਾਣੀ ਸੁਹਾਉਂਦੀ ਹੈ।

## ਅੰਮ੍ਰਿਤ ਵੇਲਾ ਤੇ ਰੌਸ਼ਨੀ

ਚੰਦ੍ਰਮਾ ਦੀ ਚਾਨਣੀ ਵਿਚ ਪੂਰਨਮਾਸ਼ੀ ਵਾਲੇ ਦਿਨ, ਖੁਲ੍ਹੀ ਥਾਵੇਂ ਅਸਮਾਨ ਹੇਠ ਜੇ ਕੀਰਤਨ ਦਾ ਅਨੰਦ ਲਿਆ ਹੋਵੇ, ਤਦ ਪਤਾ ਲਗਦਾ ਹੈ ਕਿ ਸੀਤਲ ਤੇ ਮੱਧਮ ਰੌਸ਼ਨੀ, ਭਗਤੀ; ਨਾਮ ਜਪਣ, ਸਿਮਰਨ ਤੇ ਕੀਰਤਨ ਵਿਚ ਕਿਤਨਾ ਕੁ ਹਿੱਸਾ ਪਾਉਂਦੀ ਹੈ। ਜਦ ਤਕ ਬਿਜਲੀ ਨਹੀਂ ਸੀ ਆਈ ਇਸ ਗਲ ਦਾ ਸੁਆਲ ਹੀ ਨਹੀਂ ਸੀ ਪੈਦਾ ਹੋਇਆ, ਦੀਵਾਨ ਵਿਚ ਲੋਕ ਦੀਵੇ ਜਗਾਉਂਦੇ, ਮੋਮਬੱਤੀ ਬਾਲਦੇ ਜਾਂ ਲਾਲਟੈਣ ਰਖ ਲੈਂਦੇ ਸਨ, ਪਰ ਜਦ ਤੋਂ ਬਿਜਲੀ (ਤੇ ਗੈਸ) ਆ ਗਏ ਹਨ ਤਦ ਤੋਂ ਹਰ ਗੁਰਦੁਆਰਾ ਤੇ ਕੀਰਤਨ ਅਸਥਾਨ (ਭਾਵੇਂ ਕਨਾਤਾਂ ਲਾ ਕੇ ਹੀ ਬਣਾਇਆ ਕਿਉਂ ਨਾ ਹੋਵੇ) ਬਿਜਲੀ ਦੇ ਵਡੇ ਵਡੇ ਲਾਟੂਆਂ ਨਾਲ ਜਾਂ ਟਿਊਬਾਂ ਨਾਲ ਭਰਪੂਰ ਹੁੰਦਾ ਹੈ।

ਯੂਰਪ ਵਿਚ, ਜਿਥੋਂ ਕਿ ਬਿਜਲੀ ਆਈ ਹੈ, ਅਜੇ ਤੀਕ ਕਈ ਗਿਰਜਿਆਂ ਵਿਚ ਬਿਜਲੀ ਨਹੀਂ ਲੱਗੀ, ਤੇ ਜੇ ਲਗੀ ਹੈ ਤਾਂ ਐਸੇ ਹਿਸਾਬ ਨਾਲ ਲਗੀ ਹੈ ਕਿ ਉਹ ਇਉਂ ਹੀ ਲਗੇ ਜਿਵੇਂ ਮੋਮਬੱਤੀਆਂ ਹੀ ਬਲਦੀਆਂ ਪਈਆਂ ਹਨ।

ਸਚਾਈ ਇਹ ਹੈ ਕਿ ਭਗਤੀ ਅਥਵਾ ਸਮਾਧੀ ਦਾ ਤੇ ਤੇਜ਼ ਰੋਸ਼ਨੀ ਦਾ ਵੈਰ ਹੈ। ਦੋਹਾਂ ਦਾ ਵਾਸਾ ਇਕੋ ਥਾਂ ਹੋਣਾ ਔਖਾ ਹੈ। ਅੰਮ੍ਰਿਤ ਭਗਤੀ ਦਾ ਖਾਸ ਸਮਾਂ ਹੈ ਤੇ ਉਸ ਵੇਲੇ ਲਈ ਇਹ ਵਿਚਾਰ ਬੜੀ ਜ਼ਰੂਰੀ ਹੈ।

ਭਗਤੀ ਲਈ ਇਕਾਗ੍ਰਤਾ ਲੋੜੀਂਦੀ ਹੈ। ਕੁਝ ਸਾਮਾਨ ਐਸੇ ਹਨ ਜੋ ਇਕਾਗਰਤਾ ਵਿਚ ਮਦਦ ਦੇਂਦੇ ਹਨ ਤੇ ਕੁਝ ਰੁਕਾਵਟ ਪਾਉਂਦੇ ਹਨ। ਸ਼ੋਰ (ਰੌਲਾ), ਦੌੜ ਭੱਜ, ਬੂ, ਮੈਲ, ਕੁਸੰਗਤ, ਚਟਕ ਮਟਕ, ਭੜਕ, ਸੁਰਤ ਖਿੰਡਾਉਂਦੀਆਂ ਹਨ ਤੇ ਇਸੇ ਤਰ੍ਹਾਂ ਤੇਜ਼ ਰੋਸ਼ਨੀ ਮਨ ਦੀ ਇਕਾਗ੍ਰਤਾ ਤੋੜਦੀ ਹੈ। ਆਖਦੇ ਹਨ ਕਿ ਜਿਸ ਵੇਲੇ ਸੂਰਜ ਦੀ ਪਹਿਲੀ ਕਿਰਨ ਨਿਕਲਦੀਹੈ ਇਕਾਗ੍ਰਤਾ ਦਾ ਪੱਧਰ ਆਪਣੇ ਆਪ ਨੀਵਾਂ ਆ ਜਾਂਦਾ ਹੈ। ਇਕ ਇਹ ਭੀ ਕਾਰਨ ਹੈ ਕਿ ਅੰਮ੍ਰਿਤ ਵੇਲਾ ਕੀਰਤਨ ਵਾਸਤੇ ਬਹੁਤ ਯੋਗ ਹੈ। ਤੇਜ਼ ਰੋਸ਼ਨੀ ਵਿਚ ਟਿਕਾਉ ਔਖਾ ਬੱਝੇਗਾ ਤੇ ਅੰਧੇਰੇ ਵਿਚ ਜਾਂ ਨਿੰਮ੍ਹੀ ਨਿੰਮੀ ਰੋਸ਼ਨੀ ਵਿਚ ਕਿਸੇ ਰਸ ਵਿਚ ਬੈਠੇ ਹੋਵੋ ਜੁੜ ਕੇ, ਤੇ ਕੋਈ ਇਕ ਦਮ ਬਿਜਲੀ ਜਗਾ ਦੇਵੇ ਤਾਂ ਲਿਵ ਟੁਟ ਜਾਏਗੀ, ਇਕਾਗ੍ਰਤਾ ਵਿਚ ਫਰਕ ਪੈ ਜਾਵੇਗਾ; ਐਉਂ ਲਗੇਗਾ ਜਿਵੇਂ ਕਿਸੇ ਨੇ ਪੱਥਰ ਆਣ



www.AKJ.Org

ਮਾਰਿਆ ਹੈ। ਇਕਾਗ੍ਰਤਾ ਲਿਆਉਣ ਦੇ ਸਾਮਾਨ ਭੀ ਕਈ ਹਨ। ਜਿਵੇਂ ਰਮਣੀਕ ਜਲ ਦਾ ਕਿਨਾਰਾ ਕਿਸੇ ਹਰੀ ਭਰੀ ਪਹਾੜੀ ਦੀ ਗੁਫਾ, ਨਿਕੀ ਨਿਕੀ ਠਿੰਡਕ, ਸੁਛਤਾ, ਅਟੰਕਤਾ, ਸਾਦਗੀ ਤੇ ਚੰਦਰਮਾ ਦੀ ਰੌਸ਼ਨੀ ਜਾਂ ਚਾਂਦਨੀ ਵਤ ਮੱਧਮ ਰੋਸ਼ਨੀ ਜਾਂ ਉਸ ਤੋਂ ਭੀ ਘਟ।

ਸੋ ਭਾਵੇਂ ਘਰ ਵਿਚ ਬੈਠਕੇ ਸਿਮਰਨ ਕਰਨਾ ਤੇ, ਭਾਵੇਂ ਗੁਰਦੁਆਰੇ ਵਿਚ ਕੀਰਤਨ ਕਰਨਾ ਸੁਨਣਾ ਹੈ, ਰੋਸ਼ਨੀ ਚੰਦ੍ਰਮਾ ਚਾਨਣੀ ਵਤ ਹੀ ਮੱਧਮ ਚਾਹੀਦੀ ਹੈ। ਅਜ ਕਲ ਜੋ ਗੁਰਦੁਆਰਿਆਂ ਵਿਚ ਬਿਜਲੀਆਂ ਲਗ ਗਈਆਂ ਹਨ ਇਹ ਪੂਜਾ, ਗਿਆਨ, ਧਿਆਨ, ਇਬਾਦਤ, ਇਕਾਗ੍ਰਤਾ ਭਗਤੀ ਦੇ ਖਿਆਲ ਤੋਂ ਗਲਤ ਹੈ। ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਗੁਰਦੁਆਰੇ ਵਿਚ ਰੌਸ਼ਨੀ ਇਤਨੀ ਕੁ ਰੱਖਣ ਜੋ ਆਈ ਸੰਗਤ ਰਾਹ ਤੱਕ ਸਕੇ ਤੇ ਆਪਣੀ ਥਾਂ ਤੇ ਜਾ ਕੇ ਬਹਿ ਸਕੇ। ਘਟੋ ਘਟ ਮੋਟੀਆਂ ਮੋਟੀਆਂ ਗੱਲਾਂ ਤਾਂ ਜ਼ਰੂਰ ਵਿਚਾਰ ਲਈਆਂ ਜਾਣ ਕਿ—

(੧) ਬਿਜਲੀ Indirect (ਪਰੋਖ) ਹੋਵੇ। ਨੰਗੀ ਬਿਜਲੀ ਦੀ ਇਕ ਕਿਰਨ ਭੀ ਗੁਰਦੁਆਰੇ ਵਿਚ ਵਾਜਬ ਨਹੀਂ ਜਾਪਦੀ।

(੨) ਇਕੋ ਜਿਹੀ ਵੰਡੀ ਹੋਈ ਹੋਵੇ ਜਿਵੇਂ Diffused (ਵਿਸਤ੍ਰਿਤ) ਰੌਸ਼ਨੀ ਹੁੰਦੀ ਹੈ।

(੩) ਬਗੈਰ Glare (ਲਿਸ਼ਕ) ਤੋਂ ਹੋਵੇ।

(੪) ਚੰਦਰਮਾ ਦੀ ਚਾਨਣੀ ਵਾਙੂ ਨਿੰਮ੍ਹੀ ਮਿੱਠੀ ਤੇ ਸੀਤਲ ਹੋਵੇ।

ਗੁਰਦੁਆਰੇ ਨੂੰ ਸਿਨੇਮਾ ਹਾਊਸ ਨਹੀਂ ਬਨਾਉਣਾ ਚਾਹੀਦਾ ਬਿਜਲੀਆਂ ਲਿਸ਼ਕਾ ਕੇ। ਜਿਥੇ ਨਾਚ ਰੰਗ ਤਮਾਸ਼ੇ ਹੋਣ ਉਥੇ ਬਹੁਤ ਬਿਜਲੀਆਂ ਠੀਕ ਹੁੰਦੀਆਂ ਹੋਣਗੀਆਂ, ਜਿਥੇ ਆਤਮਕ ਸ਼ਾਂਤੀ, ਸੁਖ, ਆਰਾਮ, ਪਿਆਰ ਚਾਹੀਦਾ ਹੈ ਉਥੇ ਰੌਸ਼ਨੀ ਭੀ ਤੀਖਣ ਨਹੀਂ ਚਾਹੀਦੀ ਮੱਧਮ ਹੀ ਠੀਕ ਹੈ।

(ਚਲਦਾ)


# ਅਮੁੱਲੀ ਸੁਗਾਤ

## ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ

### ਭਾਈ ਸਾਹਿਬ ਸੁਰਜਨ ਸਿੰਘ ਜੀ ਰਚਿਤ-ਪੁਸਤਕ

# ਜੀਵਨ ਬ੍ਰਿਤਾਂਤ

ਪਾਠਕਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਭਾਈ ਸਾਹਿਬ ਸੁਰਜਨ ਸਿੰਘ ਜੀ ਗੁਜਰਵਾਲ ਦੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ ਅੱਖੀਂ-ਡਿਠੇ ਤੇ ਹੱਡੀਂ-ਵਾਪਰੇ ਬ੍ਰਿਤਾਂਤ ਨੂੰ ਪੁਸਤਕ ਦੇ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ ਗਿਆ ਹੈ, ਤਾਕਿ ਇਸ ਅਣਮੋਲ ਲੇਖਾਂ ਦੀ ਸੰਭਾਲ ਹੋ ਸਕੇ, ਤੇ ਪ੍ਰੇਮੀ-ਜਨ ਇਸ ਪੁਸਤਕ ਤੋਂ ਲਾਭ ਪ੍ਰਾਪਤ ਕਰ ਸਕਣ। ਇਹਨਾਂ ਲੇਖਾਂ ਦੀ ਲੜੀ ੧੩ ਕਿਸ਼ਤਾਂ ਵਿਚ 'ਸੂਰਾ' ਦੇ ਪਿਛਲੇਰੇ ਅੰਕਾਂ ਵਿਚ ਵੀ ਛਪ ਚੁਕੀ ਹੈ। ਇਸ ਲਈ ਪਾਠਕ ਜਨ ਤੇ ਹੋਰ ਸੰਗਤਾਂ ਇਸ ਅਮੁੱਲੀ ਸੁਗਾਤ ਨੂੰ ਗੁਰਮਤਿ ਪ੍ਰਚਾਰ ਹਿਤ ਵੰਡਣ ਲਈ ਵਧ ਤੋਂ ਵਧ ਗਿਣਤੀ ਵਿਚ ਆਰਡਰ ਭੇਜਣ, ਤਾਕਿ ਇਹ ਪੁਸਤਕ ਛੇਤੀ ਤੋਂ ਛੇਤੀ ਪ੍ਰਕਾਸ਼ਤ ਹੋ ਸਕੇ। ਇਸ ਪੁਸਤਕ ਦੀ ਭੇਟਾ ਲਾਗਤ ਮਾਤਰ ਹੀ ਹੋਵੇਗੀ।

ਦਾਸ—ਮੈਨੇਜਰ, ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ।


www.AKJ.Org

# ਕੀ ਸ੍ਰੀ ਕਬੀਰ ਦਾਸ ਜੀ ਹਿੰਦੂ ਸਨ?

( ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ )

ਇਸ ਵਿਚ ਕੋਈ ਸ਼ਕ ਨਹੀਂ ਕਿ ਸਿਖ ਲਿਟਰੇਚਰ, ਸਾਹਿਤ, ਅਥਵਾ ਸਿਖ ਇਤਿਹਾਸ ਦਿਨ ਦੂਨੀ ਰਾਤ ਚੋਗਨੀ ਤਰੱਕੀ ਦੇ ਸਿਖਰ ਤੇ ਪਹੁੰਚ ਰਿਹਾ ਹੈ, ਅਤੇ ਅਲੋਪ ਹੋ ਚੁਕੇ ਕਈ ਗੁਰਸਿਖ ਸਾਕਿਆਂ, ਘਟਨਾਵਾਂ, ਅਸੂਲਾਂ ਅਤੇ ਪੁਰਾਤਨ ਮਰਯਾਦਾ ਨੂੰ ਸਾਡੇ ਸਾਮ੍ਹਣੇ ਨਵੇਂ ਸਿਰ ਤੋਂ ਰਖਨ ਅਥਵਾ ਪ੍ਰਗਟਾਉਣ ਦਾ ਯਤਨ ਕਰ ਰਿਹਾ ਹੈ। ਜਿਥੇ ਸਾਡੇ ਇਤਿਹਾਸਕਾਰਾਂ, ਲਿਖਾਰੀਆਂ ਪ੍ਰਚਾਰਕਾਂ ਨੇ ਕਈ ਲਾਭਦਾਇਕ ਗਲਾਂ ਨੂੰ ਸਾਡੇ ਸਾਮ੍ਹਣੇ ਰਖਿਆ ਹੈ ਉਥੇ ਨਾਲ ਹੀ ਨਾਲ ਕਈ ਇਤਿਹਾਸਕਾਰਾਂ ਨੇ ਕਈ ਕਿਸਮ ਦੇ ਭੁਲੇਖੇ ਪਾ ਦਿਤੇ ਹਨ ਜੋ ਹੁਣ ਖਾਸ ਚਰਚਾ, ਵਾਦ ਵਿਵਾਦ, ਅਥਵਾ ਬੈਹਸ ਦਾ ਮਸਲਾ ਬਣ ਗਏ ਹਨ। ਉਦਾਹਰਣ ਦੇ ਤੌਰ ਤੇ ਅੰਮ੍ਰਿਤ ਛਕਾਣ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਰੇ ਪੰਜ ਸਿੰਘਾਂ ਦੇ ਸੀਸ ਉਤਾਰੇ ਸਨ, ਨ ਕਿ ਪੰਜ ਬਕਰੇ ਝਟਕਾਇ ਸਨ...ਆਦਿ ਐਸੇ ਅਨੇਕਾਂ ਉਤਪੰਨ ਹੋਇ ਮਸਲਿਆਂ ਦਾ ਵਡਾ ਕਾਰਨ ਇਹ ਹੈ ਕਿ ਸਾਡੇ ਇਤਿਹਾਸਕਾਰਾਂ, ਖੋਜੀ-ਜਨਾਂ ਨੇ ਪ੍ਰਚਲਤ ਸਾਖ਼ੀਆਂ ਅਤੇ ਹੋਰ ਵਿਦਵਾਨਾਂ ਦੇ ਲਿਟਰੇਚਰ ਨੂੰ ਤਾਂ ਕਾਫ਼ੀ ਘੋਖਿਆ ਅਤੇ ਉਹਨਾਂ ਦੇ ਅਧਾਰ ਤੇ ਅਪਨੀਆਂ ਦਲੀਲਾਂ ਲਿਖਣ ਦਾ ਯਤਨ ਕੀਤਾ, ਪਰ ਅਫ਼ਸੋਸ ਕਿ ਅਗਰ ਸਾਡੇ ਇਤਿਹਾਸਕਾਰ ਅਪਣੀਆਂ ਦਲੀਲਾਂ ਨੂੰ ਗੁਰਬਾਣੀ ਦੇ ਅਧਾਰ ਤੇ, ਗੁਰਬਾਣੀ ਦੀ ਕਸੌਟੀ ਤੇ ਪਰਖਣ ਦਾ ਯਤਨ ਕਰਨ ਤਾਂ ਆਮ ਜਨਤਾ ਐਸੇ ਟਪਲਿਆਂ ਭੁਲੇਖਿਆਂ ਤੋਂ ਬਚ ਜਾਇ।

ਉਪਰੋਕਤ ਟਪਲਿਆਂ ਤੋਂ ਇਲਾਵਾ ਅਜੇ ਤਕ ਭਗਤ ਕਬੀਰ ਜੀ ਦੇ ਬਾਰੇ ਨਿਸਚਿਤ ਨਹੀਂ ਕਿ ਉਹ ਮੁਸਲਮਾਨ ਸਨ ਯਾ ਹਿੰਦੂ। ਆਮ ਇਤਿਹਾਸਕਾਰਾਂ ਨੇ ਕਬੀਰ ਜੀ ਨੂੰ ਜਨਮ ਦਾ ਹਿੰਦੂ ਸਿਧ ਕਰਨ ਦਾ ਯਤਨ ਕੀਤਾ ਹੈ ਇਕ ਸਿਖ ਇਤਿਹਾਸਕਾਰ ਜੀ ਇਸ ਤਰ੍ਹਾਂ ਲਿਖਦੇ ਹਨ:—

ਇਸ ਗਲ ਦਾ ਠੀਕ ਪਤਾ ਨਹੀਂ ਕਿ ਕਬੀਰ ਜੀ ਜਨਮ ਤੋਂ ਹਿੰਦੂ ਸਨ ਜਾਂ ਮੁਸਲਮਾਨ। ਰਵਾਇਤ ਹੈ ਕਿ ਆਪ ਦਾ ਜਨਮ ਕਿਸੇ ਕੁਆਰੀ ਜਾ ਵਿਧਵਾ ਬ੍ਰਹਮਣ ਕੰਨਿਆਂ ਤੋਂ ਹੋਇਆ ਜੋ ਲੋਕ-ਲਾਜ ਦੀ ਮਾਰੀ ਆਪਨੂੰ ਬਨਾਰਸ ਤੋਂ ਬਾਹਰ ਸੁਟ ਗਈ ਓਥੋਂ ਆਪ ਨੂੰ ਇਕ ਮੁਸਲਮਾਨ ਜੁਲਾਹੇ ਨੀਰੂ ਨੇ ਚੁਕ ਲਿਆਂਦਾ ਅਤੇ ਆਪਦੀ ਪਾਲਣਾ ਕੀਤੀ।'

## ਹਿੰਦੂ ਅਤੇ ਮੁਸਲਮਾਨ ਧਰਮ ਦਾ ਫ਼ੈਸਲਾ

ਹਿੰਦੂ ਧਰਮ ਇਹ ਮੰਨਦਾ ਹੈ ਕਿ ਭਗਤ ਕਬੀਰ ਜੀ ਸ੍ਰੀ ਰਾਮਾਨੰਦ ਜੀ ਦੇ ਚੇਲੇ ਸਨ ਅਤੇ ਰਾਮ ਨਾਮ ਦਾ ਮੰਤ੍ਰ ਜਪਦੇ ਸਨ। ਜਦ ਹਿੰਦੂ ਸਮਾਜ ਨੇ ਦੇਖਿਆ ਕਿ ਕਬੀਰ ਭਗਤ ਤਾਂ ਉਲਟਾ ਹੀ ਪ੍ਰਚਾਰ ਕਰ ਰਹੇ ਹਨ। ਹਿੰਦੂ ਧਰਮ ਦੇ ਵਿਰੁਧ ਆਵਾਜ਼ ਉਠਾ ਰਹੇ ਹਨ। ਕਬੀਰ ਜੀ ਪੰਡਤਾਂ ਅਤੇ ਬ੍ਰਹਮਣਾਂ, ਜੋ ਧਰਮ ਦੇ ਠੇਕੇਦਾਰ ਬਣ ਚੁਕੇ ਸਨ,



www.AKJ.Org

ਉਹਨਾਂ ਦੇ ਉਲਟ ਚਲੇ ਯਾ ਕਹਿ ਲਉ ਕਿ ਪੰਡਤਾਂ ਦੁਆਰਾ ਕੀਤੀਆਂ ਜਾ ਰਹੀਆਂ ਧਰਮ ਦੇ ਨਾਮ ਤੇ ਵਧੀਕੀਆਂ, ਠਗੀਆਂ, ਕੇਵਲ ਪੇਟ ਪਾਲਣ ਦੇ ਢਕੌਂਸਲਿਆਂ ਨੂੰ ਕਬੀਰ ਭਗਤ ਜੀ ਨੇ ਨਿੰਦਿਆ, ਬੁਰਾ ਕਿਹਾ । ਸਮਾਜ ਵਿਚ ਹੋ ਰਹੀਆਂ ਕੁਰੀਤੀਆਂ, ਵਧਦੇ ਜਾ ਰਹੇ ਪਾਖੰਡ, ਸਮਾਜ ਵਿਚ ਆ ਰਹੀ ਧਾਰਮਕ ਗਿਰਾਵਟ ਵਲ ਪੰਡਤਾਂ ਦਾ ਧਿਆਨ ਦਿਵਾਇਆ, ਜਿਸ ਦਾ ਨਤੀਜਾ ਇਹ ਹੋਇਆ ਕਿ ਬ੍ਰਹਮਣ ਸਮਾਜ ਅਥਵਾ ਹਿੰਦੂ ਸਮਾਜ ਨੇ ਕਬੀਰ ਭਗਤ ਜੀ ਨੂੰ ਮੁਸਲਮਾਨ ਕਹਿਣਾ ਸ਼ੁਰੂ ਕਰ ਦਿਤਾ ਤੇ ਸਮਾਜ ਤੋਂ ਤ੍ਰਿਸਕਾਰ ਕਰ ਦਿਤਾ, ਪਰ ਕਬੀਰ ਭਗਤ ਜੀ ਨੇ ਬ੍ਰਹਿਮਣਾਂ ਨੂੰ ਇਹ ਹੀ ਫੈਸਲਾ ਦਿਤਾ :

ਗਰਭਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੂਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਇ ॥
॥੧॥ਰਹਾਉ॥ ਜੋ ਤੂ ਬ੍ਰਾਹਮਣ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤਿ ਹੈ ਹਮਾਰੈ ॥੪॥

ਇਸ ਲਈ ਅਖੀਰ ਦਮ ਤਕ ਕਬੀਰ ਭਗਤ ਅਤੇ ਬ੍ਰਹਮਣ ਸਮਾਜ ਦਾ ਆਪਸ ਵਿਚ ਟਾਕਰਾ ਚਲਦਾ ਰਿਹਾ ਅਤੇ ਹਿੰਦੂ ਸਮਾਜ ਸਾਰੀ ਉਮਰ ਕਬੀਰ ਦਾਸ ਜੀ ਦੇ ਬਰਖਿਲਾਫ਼ ਰਿਹਾ ।

ਜਿਥੇ ਕਬੀਰ ਭਗਤ ਜੀ ਨੇ ਹਿੰਦੂ ਸਮਾਜ ਦੀਆਂ ਤਰੁਟੀਆਂ ਨੂੰ ਉਹਨਾਂ ਦੇ ਸਾਹਮਣੇ ਰਖਿਆ ਉਥੇ ਮੁਸਲਮਾਨਾਂ ਵਿਚ ਹੋ ਰਹੇ ਧਰਮ ਦੇ ਨਾਮ ਤੇ ਜ਼ੋਰ ਜਬਰ, ਜ਼ੁਲਮ, ਅਤਿਆਚਾਰ ਆਦਿ ਵਲ ਵੀ ਪੂਰਾ ਧਿਆਨ ਦਿਤਾ ਤੇ ਇਸ ਦੇ ਉਲਟ ਆਵਾਜ਼ ਉਠਾਈ । ਮੁਲਾਂ ਮੌਲਵੀਆਂ ਨਾਲ ਟੱਕਰ ਲਈ ਅਤੇ ਸਮਾਜ ਦੀ ਢਹਿੰਦੀ ਕਲਾ ਵਲ ਦੇਖ ਕੇ ਇਹ ਨਾਹਰਾ ਲਾਇਆ :—

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ,
ਸਾਂਈ ਨ ਬਾਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ,
ਦਿਲ ਹੀ ਭੀਤਰਿ ਜੋਇ ॥ ੧੮੪ ॥

ਜਿਸ ਦਾ ਨਤੀਜਾ ਇਹ ਹੋਇਆ ਕਿ ਮੁਸਲਮਾਨ ਸਮਾਜ ਨੇ ਵੀ ਭਗਤ ਕਬੀਰ ਜੀ ਨੂੰ ਮੁਸਲਮਾਨ ਮੰਨਣ ਤੋਂ ਇਨਕਾਰ ਕਰ ਦਿਤਾ ।

੧. ਮੁਸਲਿਮ ਸ਼ਰ੍ਹਾ ਦੇ ਬਰਖਿਲਾਫ਼ :—

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ,
ਮੈ ਨ ਬਦਉਗਾ ਭਾਈ ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ,
ਆਪਨ ਹੀ ਕਟਿ ਜਾਈ ॥
ਸੁੰਨਤਿ ਕੀਏ ਤੁਰਕ ਜੇ ਹੋਇਗਾ,
ਅਉਰਤਿ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ,
ਤਾ ਤੇ ਹਿੰਦੂ ਹੀ ਰਹੀਐ ॥
ਛਾਡਿ ਕਤਬ ਰਾਮੁ ਭਜੁ ਬਉਰੇ,
ਜ਼ੁਲਮ ਕਰਤ ਹੈ ਭਾਰੀ ॥
ਕਬੀਰੈ ਪਕਰੀ ਟੇਕ ਰਾਮ ਕੀ,
ਤੁਰਕ ਰਹੇ ਪਚਿਹਾਰੀ ॥

੨. ਹਿੰਦੂ ਸ਼ਰ੍ਹਾ ਦੇ ਬਰਖ਼ਿਲਾਫ਼ :

ਗਜ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥

੩. ਦੋਨੋਂ ਧਰਮਾਂ ਦੇ ਨਿਸਚੇ ਦੀ ਖੰਡਨਾ :

ਅਲਹੁ ਏਕੁ ਮਸੀਤ ਬਸਤੁ ਹੈ,
ਅਵਰੁ ਮੁਲਖੁ ਕਿਸੁ ਕੇਰਾ ॥
ਹਿੰਦੂ ਮੂਰਤਿ ਨਾਮੁ ਨਿਵਾਸੀ,
ਦੁਹ ਮਹਿ ਤਤੁ ਨ ਹੇਰਾ ॥੧॥
ਅਲਹ ਰਾਮ ਜੀਵਉ ਤੇਰੇ ਨਾਈ ॥
ਤੂ ਕਰਿ ਮਿਹਰਾਮਤਿ ਸਾਈ ॥੧॥ਰਹਾਉ॥



www.AKJ.Org

ਦਖਨਿ ਦੇਸਿ ਹਰੀ ਕਾ ਬਾਸਾ,
ਪਛਿਮਿ ਅਲਹ ਮੁਕਾਮਾ ॥
ਦਿਲਿ ਮਹਿ ਖੋਜਿ ਦਿਲੈ ਦਿਲਿ ਖੋਜਹੁ,
ਏਹੀ ਠਉਰ ਮੁਕਾਮਾ ॥੨॥
ਬ੍ਰਹਮਨ ਗਿਆਨ ਕਰਹਿ ਚਉਬੀਸਾ,
ਕਾਜੀ ਮਹਰਮ ਜਾਨਾ ॥
ਗਿਆਰਹ ਮਾਸ ਪਾਸ ਕੈ ਰਾਖੇ,
ਏਕੈ ਮਾਹਿ ਨਿਧਾਨਾ ॥੩॥
ਕਹਾ ਉਡੀਸੇ ਮਜਨੁ ਕੀ ਕਿਆ,
ਮਸੀਤਿ ਸਿਰੁ ਨਾਏ ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ,
ਕਿਆ ਹਜ ਕਾਬੈ ਜਾਏ ॥੪॥
...... ...... ......

## ਉਲਟਾ ਗੇੜ ਚਲਨਾ

ਕਬੀਰ ਭਗਤ ਜੀ ਤਿਆਰੀ ਕਰ ਰਹੇ ਹਨ ਪਰਲੋਕ ਗਮਨ ਕਰਨ ਦੀ। ਬ੍ਰਹਮਣਾਂ ਦੀ ਇਸ ਮਨਘੜਤ, ਕਿ ਜੋ ਕਾਂਸ਼ੀ ਸਰੀਰ ਤਿਆਗਦਾ ਹੈ ਸਿਧਾ ਸਵਰਗਾਂ ਵਿਚ ਜਾਂਦਾ ਹੈ ਅਤੇ ਜੋ ਮਘਹਰ ਸਰੀਰ ਤਿਆਗਦਾ ਹੈ ਉਹ ਖੋਤਾ ਬਨਦਾ ਹੈ ਤੇ ਨਰਕਾਂ ਵਿਚ ਜਾਂਦਾ ਹੈ, ਕਹਾਵਤ ਨੂੰ ਚੈਲੇਂਜ ਦੇਣ ਲਈ ਕਬੀਰ ਭਗਤ ਜੀ ਮਘਹਰ ਜਾ ਰਹੇ ਹਨ। ਕਬੀਰ ਜੀ ਨੇ ਦਾਵਾ ਕੀਤਾ ਕਿ ਮੈਂ ਸਰੀਰ ਦਾ ਤਿਆਗ ਮਘਹਰ ਜਾ ਕਰਨਾ ਹੈ ਅਤੇ ਖੋਤਾ ਵੀ ਨਹੀਂ ਬਣਨਾ। ਸਗੋਂ 'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ॥ ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

ਪ੍ਰਭੂ ਨਾਲ ਹੀ ਅਭੇਦ ਹੋ ਜਾਨਾ ਹੈ।

ਸੋ ਐਸਾ ਹੀ ਹੋਇਆ। ਕਬੀਰ ਜੀ ਨੇ ਸਰੀਰ ਦੇ ਤੱਤਾਂ ਨੂੰ ਅਲਗ ਕਰਕੇ ਪੰਜਾਂ ਤਤਾਂ ਵਿਚ ਤੱਤ ਮਿਲਾ ਦਿਤੇ।

ਹੁਣ ਗੇੜ ਉਲਟ ਚਲਿਆ। ਇਤਨੀ ਉਚੀ ਹਸਤੀ ਜਾਨ ਕੇ ਪੰਡਤਾਂ ਨੇ ਕਹਿਣਾ ਸ਼ੁਰੂ ਕੀਤਾ ਕਿ ਕਬੀਰ ਜੀ ਬ੍ਰਹਮਣੀ ਦੀ ਕੁਖ ਤੋਂ ਪੈਦੇ ਹੋਇ ਸਨ ਤੇ ਹਿੰਦੂ ਸਨ। ਮੁਸਲਮਾਨਾਂ ਨੇ ਆਪਣਾ ਦਾਵਾ ਸ਼ੁਰੂ ਕਰਨਾ ਅਰੰਭ ਦਿਤਾ ਕਿ ਕਬੀਰ ਭਗਤ ਜੀ ਮੁਸਲਮਾਨ ਸਨ। ਜੀਊਂਦੇ ਜੀ ਕਿਸੇ ਨੇ ਨਾ ਪੁਛਿਆ ਤੇ ਸਮਾਜ ਤੋਂ ਬਾਹਰ ਕਢ ਦਿਤਾ ਪਰ ਹੁਣ ਸਰੀਰ ਤਿਆਗਨ ਤੇ ਪੰਡਤ ਅਤੇ ਮੌਲਵੀਆਂ ਇਕਠੇ ਹਰ ਦੋਨੋਂ ਹੀ ਮਜ਼ਬ ਦੇ ਠੇਕੇਦਾਰਾਂ ਨੇ ਕਬੀਰ ਭਗਤ ਜੀ ਦੀ ਸਮਾਧ ਤੇ ਆ ਡੇਰੇ ਲਾਇ। ਅਸਥਾਨ ਦੀ ਪੂਜਾ ਹੋਣ ਲਗੀ। ਪੂਜਾ ਦਾ ਧਾਨ ਸੰਭਾਲਨ ਖ਼ਾਤਰ ਇਕ ਪਾਸੇ ਪੁਜਾਰੀ ਅਤੇ ਦੂਜੇ ਪਾਸੇ ਮੁਲਾਂ ਨੇ ਆਸਨ ਜਮਾ ਲਿਆ। ਚੜ੍ਹਾਵਾ ਸੰਭਾਲਣ ਲਈ ਦੋਨੋਂ ਘਰਾਂ ਨੇ ਦਾਵੇ ਬਨਨੇ ਆਰੰਭ ਕਰ ਦਿਤੇ। ਇਹ ਨਜ਼ਾਰਾ ਅਜ ਕਲ ਵੀ ਮਘਹਰ ਕਬੀਰ ਜੀ ਦੇ ਅੰਤਮ ਸਥਾਨ ਤੇ ਦੇਖਿਆ ਜਾ ਸਕਦਾ ਹੈ। ਜਿਸ ਨੂੰ ਸਾਰੀ ਜ਼ਿੰਦਗੀ ਧਿਕਾਰਾਂ ਫਿਟਕਾਰਾਂ ਪਾਂਦੇ ਰਹੇ, ਜੀਵਨ ਭਰ ਦੁਖ ਕਸ਼ਟ, ਦੇਂਦੇ ਰਹੇ ਹੁਣ ਸਰੀਰ ਤਿਆਗਨ ਤੇ ਦਾਵੇ ਕਰਨ ਲਗ ਪੈ। ਇਹ ਸੀ ਉਸ ਸਮੇਂ ਦੇ ਸਮਾਜ ਦਾ ਹਾਲ। ਇਹ ਕਾਰਨ ਹੈ ਕਿ ਆਮ ਜਨਤਾ ਵਿਚ ਐਸਾ ਟਪਲਾ ਪਾਇਆ ਗਿਆ ਜੋ ਹੁਣ ਨਿਕਲਨਾ ਅਸੰਭਵ ਹੈ।

## ਸਿਖ ਮਤਿ ਅਥਵਾ ਗੁਰਮਤਿ ਦਾ ਫ਼ੈਸਲਾ

ਸਿਖ ਮਤਿ ਅਥਵਾ ਗੁਰ ਮਤਿ ਦਾ ਫੈਸਲਾ ਤੋਂ ਭਾਵ ਹੈ ਗੁਰਬਾਣੀ ਦਾ ਫੈਸਲਾ। ਆਉ ਹੁਣ ਜ਼ਰਾ ਉਪਰੋਕਤ ਮਸਲੇ ਨੂੰ ਗੁਰਬਾਣੀ ਦੀ ਕਸਵਟੀ ਤੇ ਪਰਖ ਕੇ ਦੇਖੀਏ। 'ਗੁਰਬਾਣੀ ਇਸੁ ਜਗ ਮਹਿ ਚਾਨਣ' ਅਥਵਾ 'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਨਉ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਇ' ਮਹਾਵਾਕਾਂ ਅਨੁਸਾਰ ਇਹ ਗੁਰਬਾਣੀ ਹੀ ਸਾਡੇ ਪਾਸ ਹਰ ਮਸਲੇ ਦੀ ਪਰਖਣ ਦੀ ਕਸਵਟੀ ਹੈ। ਇਹ ਧੁਰ ਦਰਗਾਹ ਦੀ ਬਾਣੀ ਹੀ ਲੋਕ-ਪਰਲੋਕ ਦਾ ਚਾਣਨ ਮੁਨਾਰਾ ਹੈ। ਇਸ ਲਈ ਕੰਮ ਸੇ ਕੰਮ ਸਿਖ ਜਗਤ ਨੂੰ ਚਾਹੀਦਾ ਹੈ ਕਿ


www.AKJ.Org

ਜੋ ਗੁਰਬਾਣੀ ਫੈਸਲਾ ਦੇ ਰਹੀ ਹੈ ਉਸ ਫੈਸਲੇ ਅਗੇ ਸੀਸ ਨਿਵਾਇ ਸਤਿ ਸਤਿ ਕਰ ਕੇ ਮੰਨ ਲਿਆ ਜਾਇ। ਉਸ ਫੈਸਲੇ ਨੂੰ ਅਟਲ ਮੰਨਿਆ ਜਾਇ। ਜਿਥੋਂ ਤਕ ਜ਼ਾਤ ਪਾਤ ਦਾ ਮਸਲਾ ਹੈ ਗੁਰਬਾਣੀ ਨੇ ਇਸ ਜ਼ਾਤ ਪਾਤ ਊਚ ਨੀਚ, ਦੇ ਭੇਦਾਂ ਭਾਵਾਂ ਨੂੰ ਖੰਡਨ ਕੀਤਾ ਹੈ। ਸਾਰੇ ਹੀ ਗੁਰੂ ਸਾਹਿਬਾਂ ਅਤੇ ਭਗਤਾਂ ਦੀ ਬਾਣੀ ਵਿਚ ਜ਼ਾਤ ਪਾਤ ਨੂੰ ਕੋਈ ਦਰਜਾ ਨਹੀਂ ਦਿਤਾ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਆਏ ਸਾਰੇ ਹੀ ਭਗਤਾਂ ਅਤੇ ਗੁਰੂਆਂ ਨੇ ਇਹ ਹੀ ਨਾਰਾ ਲਗਾਇਆ 'ਨਾ ਹਮ ਹਿੰਦੂ ਨ ਮੁਸਲਮਾਨ, ਅਲਹ ਰਾਮ ਕੇ ਪਿੰਡੁ ਪਰਾਨ ॥'

ਜਿਥੋਂ ਤਕ ਇਸ ਅੰਸ਼ ਦਾ ਸਵਾਲ ਹੈ ਇਹ ਨ ਹਿੰਦੂ ਹੈ, ਨ ਮੁਸਲਮਾਨ, ਨ ਸਿਖ ਨ ਇਸਾਈ......। 'ਕਹੁ ਕਬੀਰ ਇਹ ਰਾਮ ਕੀ ਅੰਸ' ਇਸ ਲਈ ਰਾਮ ਦੀ ਅੰਸ਼ ਹੋਣ ਕਰ ਕੇ ਇਸ ਅੰਸ ਦੀ ਵੀ ਕੋਈ ਜ਼ਾਤ ਪਾਤ ਨਹੀਂ।

ਜ਼ਾਤ ਪਾਤ ਦੁਨਿਆਵੀ, ਕਲਪਤ ਅਸਥਿਰ, ਅਤੇ ਝਗੜਿਆਂ ਦੀ ਜੜ ਹੈ ਇਸ ਦਾ ਸਨਬੰਧ ਪੰਜ ਭੌਤਕ ਦੇਹੀ ਨਾਲ ਹੈ। ਪੂਰਬਲੇ ਕਰਮਾਂ ਨਾਲ ਪੰਜ ਭੌਤਕ ਸਰੀਰ ਦਾ ਚੋਲਾ ਬਹੁਤ ਸਨਬੰਧ ਰਖਦਾ ਹੈ। ਗੁਰਬਾਣੀ ਵਿਚ ਉਸ ਕੁਲ, ਜਾਤਿ ਨੂੰ ਵੀ ਧੰਨਤਾ ਦਿਤੀ ਗਈ ਹੈ ਜਿਸ ਕੁਲ ਵਿਚ ਕੋਈ ਭਗਤ ਜਨ ਪੈਦਾ ਹੁੰਦਾ ਹੈ ਤੇ ਆਪ ਨਾਮ ਜਪਦਾ ਅਤੇ ਦੂਜਿਆਂ ਨੂੰ ਜਪਾਉਂਦਾ ਹੈ।

ਕਬੀਰ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਾਰੇ ਭਗਤਾਂ 'ਚੋਂ ਸ਼ਰੋਮਣੀ ਹਨ ਅਤੇ ਆਪ ਦੀ ਬਾਣੀ ਕਾਫ਼ੀ ਰਾਗਾਂ ਵਿਚ ਦਿਤੀ ਹੈ, ਤਕਰੀਬਨ ਹਰ ਰਾਗ ਵਿਚ ਕਬੀਰ ਭਗਤ ਜੀ ਨੇ ਕਿਧਰੇ ਨਾ ਕਿਧਰੇ ਅਪਨੀ ਜਾਤਿ ਬਾਰੇ ਇਸ਼ਾਰਾ ਦਿਤਾ ਹੈ। ਕਬੀਰ ਭਗਤ ਨੇ ਆਪਨੀ ਜਾਤ ਜੁਲਾਹਾ (ਮੁਸਲਮਾਨ) ਦਸੀ ਹੈ ਇਸ ਦੀ ਪਰੋੜਤਾ ਲਈ ਸ੍ਰੀ ਕਬੀਰ ਜੀ ਦੁਆਰਾ ਉਚਰਨ ਕੀਤੇ ਸ਼ਬਦਾਂ ਦੀਆਂ ਕੁਝ-ਕੁ ਝਲਕਾਂ ਟੂਕ ਮਾਤ੍ਰ ਥਲੇ ਦਿਤੀਆਂ ਜਾ ਰਹੀਆਂ ਹਨ:—

੧. ਓਛੀ ਮਤਿ ਮੇਰੀ ਜਾਤਿ ਜੁਲਾਹਾ ॥
ਹਰਿ ਕਾ ਨਾਮੁ ਲਹਿਓ ਮੈ ਲਾਹਾ ॥

੨. ਜਾਤਿ ਜੁਲਾਹਾ ਮਤਿ ਕਾ ਧੀਰੁ ॥
ਸਹਜਿ ਸਹਜਿ ਗੁਣ ਰਮੈ ਕਬੀਰੁ ॥

੩. ਕਬੀਰ ਜਾਤਿ ਜੁਲਾਹਾ ਕਿਆ ਕਰੈ,
ਹਿਰਦੈ ਬਸੇ ਗੁਪਾਲ ॥ ਕਬੀਰ ਰਮਈਆ
ਕੰਠ ਮਿਲੁ ਚੂਕਹਿ ਸਰਬ ਜੰਜਾਲ ॥

ਸ੍ਰੀ ਕਬੀਰ ਭਗਤ ਜੀ ਨੇ ਜ਼ਾਤਿ ਪਾਤਿ ਦੇ ਵਿਰੁਧ ਅਵਾਜ਼ ਉਠਾਈ। ਮਨੁਖਤਾ ਦੀ ਬਰਾਬਰੀ ਅਤੇ ਏਕਤਾ ਉਤੇ ਜ਼ੋਰ ਦਿਤਾ। ਪੰਡਤਾਂ ਨਾਲ ਗੋਸ਼ਟ ਕਰਦੇ ਕਬੀਰ ਜੀ ਸਪਸ਼ਟ ਫੈਸਲਾ ਦੇਂਦੇ ਹਨ ਕਿ ਮੈਂ ਤਾਂ ਕਾਸ਼ੀ ਦਾ ਰਹਿਣ ਵਾਲਾ ਇਕ ਜੁਲਾਹਾ ਹਾਂ।

## ਘਰੋਗੀ ਸੰਘਰਸ਼ ਦੀਆਂ ਤਿੰਨ ਮਸਾਲਾਂ

੧. ਸ੍ਰੀ ਕਬੀਰ ਭਗਤ ਜੀ ਨੇ ਗੁਰਬਾਣੀ ਵਿਚ ਕਈ ਜਗ੍ਹਾ ਤੇ ਆਪਣੇ ਘਰੋਗੀ ਹਾਲਾਤਾਂ ਵਲ ਵੀ ਸੰਕੇਤ ਕੀਤਾ ਹੈ। ਕਬੀਰ ਭਗਤ ਜੀ ਦੀ ਮਾਤਾ ਹਮੇਸ਼ਾ ਹੀ ਕਬੀਰ ਭਗਤ ਨਾਲ ਲੜਦੀ; ਝਗੜਦੀ ਰਹੀ। ਉਦਾਹਰਣ ਦੇ ਤੌਰ ਤੇ ਰਾਗ ਆਸਾ ਵਿਚ ਕਬੀਰ ਭਗਤ ਜੀ ਨੇ ਇਕ ਸ਼ਬਦ ਵਿਚ ਆਪਣੀ ਮਾਤਾ ਤੇ ਆਪਣੇ ਵਿਚਕਾਰ ਹੋਏ ਝਗੜੇ ਨੂੰ ਇੰਝ ਕਲਮਬੰਦ ਕੀਤਾ ਹੈ—

ਮੇਰੀ ਬਹੁਰੀਆ ਕੋ ਧਨੀਆ ਨਾਉ ॥
ਲੇ ਰਾਖਿਓ ਰਾਮ ਜਨੀਆ ਨਾਉ ॥ ੧ ॥
ਇਨ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥
ਬਿਟਵਹਿ ਰਾਮ ਰਮਊਆ ਲਾਵਾ ॥੧॥ਰਹਾਉ॥
ਕਹਤੁ ਕਬੀਰ ਸੁਨਹੁ ਮੇਰੀ ਮਾਈ ॥
ਇਨ ਮੁੰਡੀਅਨਿ ਮੇਰੀ ਜਾਤਿ ਗਵਾਈ ॥੨-੩-੩੩।

ਉਪਰੋਕਤ ਸ਼ਬਦ ਵਿਚ ਇਹ ਸਪਸ਼ਟ ਹੈ ਕਿ ਕਬੀਰ ਭਗਤ ਜੀ ਨੂੰ ਉਹਨਾਂ ਦੀ ਮਾਤਾ ਉਲ੍ਹਾਮੇ, ਗਿਲੇ ਅਥਵਾ ਗਾਹਲਾਂ ਕਢ ਰਹੀ ਹੈ ਕਿ ਇਸ ਬੇਟੇ ਨੇ ਮੇਰਾ ਝੁੱਗਾ ਚੌੜ ਕਰ ਦਿਤਾ ਹੈ, ਮੇਰੀ ਜ਼ਾਤ ਨੂੰ ਕਲੰਕ ਲਾ ਦਿਤਾ ਹੈ, ਕਿਉਂਕਿ ਅਸੀਂ ਅੱਲਾ ੨


www.AKJ.Org

ਖ਼ੁਦਾ ਖ਼ੁਦਾ ਕਹਿਣ ਵਾਲੇ ਮੁਸਲਮਾਨ ਹਾਂ ਤੇ ਇਹ ਮੁੰਡਾ (ਕਬੀਰ ਭਗਤ) ਉਲਟਾ ਟੁਰ ਪਿਆ ਹੈ ਤੇ ਰਾਮ ਰਾਮ (ਰਾਮ ਰਮੂਆ) ਜਪਦਾ ਹੈ। ਅਗਰ ਗਹਰਾਈ ਨਾਲ ਇਸ ਸ਼ਬਦ ਦੀਆਂ ਪੰਕਤੀਆਂ ਨੂੰ ਵਿਚਾਰਿਆ ਜਾਇ ਤਾਂ ਇਹ ਬਿਲਕੁਲ ਸਪਸ਼ਟ ਹੋ ਜਾਇਗਾ ਕਿ ਕਬੀਰ ਭਗਤ ਜੀ ਜੁਲਾਹਾ (ਮੁਸਲਮਾਨ) ਸਨ। ਇਸ ਦਲੀਲ ਨੂੰ ਹੋਰ ਸ਼ਪਸ਼ਟਤਾ ਨਾਲ ਸਮਝਨ ਲਈ ਇਕ ਮਿਸਾਲ ਇਥੇ ਲਿਖਨੀ ਯੋਗ ਹੀ ਹੋਇਗੀ ਕਿ ਅਗਰ ਕਿਸੇ ਗੁਰਮੁਖ ਅੰਮ੍ਰਿਤਧਾਰੀ ਪਰਿਵਾਰ ਦਾ ਅਥਵਾ ਤਿਆਰ ਬਰ ਤਿਆਰ ਮਾਤਾ ਪਿਤਾ ਦਾ ਲੜਕਾ ਨਾਲਾਇਕ ਉਠ ਪਵੇ ਤੇ ਉਹ ਕੇਸਾਂ ਦੀ ਬੇ-ਅਦਬੀ ਕਰ ਦੇਵੇ (ਕਸ ਕਟਵਾ ਦੇਵੇ) ਤਾਂ ਐਸੇ ਗੁਰਮੁਖਿ ਮਾਤਾ ਪਿਤਾ ਐਸਾ ਨਾਲਾਇਕ ਬਚੇ ਨੂੰ ਕਦੀ ਵੀ ਮਥੇ ਨਹੀਂ ਲਗਾਉਨਗੇ ਤੇ ਪਰਿਵਾਰ ਦੇ ਮਥੇ ਤੇ ਕਲੰਕ ਦਾ ਟਿੱਕਾ ਕਰਕੇ ਹੀ ਪੁਕਾਰਨਗੇ। ਬਿਲਕੁਲ ਇਸੇ ਤਰੀਕੇ ਦਾ ਉਪਰੋਕਤ ਪ੍ਰਮਾਣ ਹੈ ਤੇ ਕਬੀਰ ਭਗਤ ਜੀ ਤੇ ਕਬੀਰ ਜੀ ਦੀ ਮਾਤਾ ਆਪਣੇ ਪੁਤਰ ਕਬੀਰ ਨੂੰ ਏਸੇ ਭਾਵਨਾ ਨਾਲ ਗਾਲਾਂ ਕਢ ਰਹੇ ਹਨ ਤੇ ਬੁਰਾ ਭਲਾ ਕਹਿ ਰਹੇ ਹਨ।

੨. ਕਬੀਰ ਭਗਤ ਜੀ ਦੇ ਘਰੇਗੀ ਮਸਲਿਆਂ ਬਾਰੇ ਇਕ ਹੋਰ ਪ੍ਰਮਾਣ ਥਲੇ ਦਿਤਾ ਜਾ ਰਿਹਾ ਹੈ ਜਿਸ ਵਿਚ ਉਪਰੋਕਤ ਦਲੀਲਾਂ ਦੀ ਹੋਰ ਵੀ ਪੁਸ਼ਟੀ ਹੋ ਜਾਂਦੀ ਹੈ। ਇਸ ਪ੍ਰਮਾਣ ਵਿਚ ਵੀ ਕਬੀਰ ਭਗਤ ਜੀ ਦੀ ਮਾਤਾ ਅਪਨੇ ਬਚੇ ਨੂੰ ਗਾਲਾਂ ਕਢ ਕੇ ਕਹਿ ਰਹੀ ਹੈ ਕਿ 'ਹਮਾਰੇ ਕੁਲ ਕਉਨੇ ਰਾਮੁ ਕਹਿਓ' ਅਰਥਾਤ ਸਾਡੀ ਕੁਲ ਵਿਚ ਰਾਮ ਨਾਮ ਕੌਣ ਜਪਦਾ ਹੈ, ਕੇਹੜਾ ਰਾਮ ਦੀ ਮਾਲਾ ਫੇਰਦਾ ਹੈ ਅਰਥਾਤ ਕੋਈ ਨਹੀਂ ਸਭ ਅਲਾਹ ਅਲਾਹ ਖੁਦਾ ਖੁਦਾ ਕਰਨ ਵਾਲਿਆਂ ਦੀ ਕੁਲ ਦੇ ਕਬੀਰ ਭਗਤ ਜੀ ਸਨ। ਪ੍ਰਮਾਣ:—

ਹਮਾਰੇ ਕੁਲ ਕਉਨੇ ਰਾਮਾ ਕਹਿਓ ॥
ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖ ਨ ਭਇਉ॥
੧॥ ਰਹਾਉ। ਸੁਨਹੁ ਜਿਠਾਨੀ ਸੁਨਹੁ ਦਿਰਾਨੀ
ਅਚਰਜ ਏਕ ਭਇਉ ॥ ਸਾਤ ਸੂਤ ਇਨਿ ਮੁੰਡੀਏ
ਖੋਏ, ਇਹੁ ਮੁੰਡੀਆ ਕਿਉ ਨ ਮੁਇਓ ॥੨॥

ਇਸ ਤੋਂ ਵੀ ਇਹ ਸਪਸ਼ਟ ਹੈ ਕਿ ਕਬੀਰ ਭਗਤ ਜੀ ਜਨਮ ਤੋਂ ਹੀ ਜੁਲਾਹਾ (ਮੁਸਲਮਾਨ)ਦੇ ਘਰ ਪੈਦਾ ਹੋਏ ਸਨ।

੩. ਘਰੋਗੀ ਸੰਘਰਸ਼ ਦੀ ਇਕ ਹੋਰ ਮਿਸਾਲ ਲਉ ਜਿਸ ਵਿਚ ਕਬੀਰ ਭਗਤ ਜੀ ਦੀ ਮਾਤਾ ਬੜੇ ਦੁਖ ਅਤੇ ਅਫਸੋਸ ਨਾਲ ਆਪਨੇ ਪੁਤ੍ਰ ਨੂੰ ਗਿਲਾ ਕਰਕੇ ਅਪਨਾ ਰੁਦਨ ਪ੍ਰਗਟ ਕਰ ਰਹੀ ਹੈ—

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥ ੧ ॥
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥

ਇਸ ਸ਼ਬਦ ਵਿਚ ਵੀ ਤਨਨਾ ਬੁਨਨਾ ਸਪਸ਼ਟ ਕਰ ਰਿਹਾ ਕਿ ਕਬੀਰ ਭਗਤ ਜੀ ਆਪਨਾ ਖਾਨਦਾਨੀ ਪੇਸ਼ਾ ਜਿਤਲਾ ਕੇ ਅਪਨੀ ਜ਼ਾਤਿ ਨੂੰ ਪ੍ਰਗਟਾ ਰਹੇ ਹਨ ਕਿ ਮੈਂ 'ਜੁਲਾਹਾ' ਮੁਸਲਮਾਨ ਹਾਂ।

## ਇਕ ਸ਼ੰਕਾ ਅਤੇ ਉਸਦਾ ਉਤਰ

ਉਪਰੋਕਤ ਗੁਰਬਾਣੀ ਦੇ ਦਿਤੇ ਗਏ ਪ੍ਰਮਾਣਾਂ ਅਤੇ ਦਲੀਲਾਂ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਕਬੀਰ ਭਗਤ ਜੀ ਦਾ ਆਪਣਾ ਫ਼ੈਸਲਾ ਇਹ ਹੀ ਹੈ ਕਿ ਕਬੀਰ ਭਗਤ ਜੀ ਜੁਲਾਹਾ (ਮੁਸਲਮਾਨ) ਦੇ ਘਰ ਪੈਦਾ ਹੋਇ ਸਨ ਨ ਕਿ ਵਿਧਵਾ ਬ੍ਰਹਮਣੀ ਦੀ ਕੁਖ ਤੋਂ। ਜੇ ਐਸਾ ਹੋਂਦਾ ਤਾਂ ਕਬੀਰ ਭਗਤ ਜੀ ਨੇ ਜ਼ਰੂਰ ਕਿਧਰੇ ਨ ਕਿਧਰੇ ਉਸ ਬਾਰੇ ਇਸ਼ਾਰਾ ਦਿਤਾ ਹੁੰਦਾ।

ਹੁਣ ਇਥੇ ਇਕ ਸ਼ੰਕਾ ਪੈਦਾ ਹੁੰਦੀ ਹੈ ਕਿ ਪੁਤ੍ਰ ਨੂੰ ਕੀ ਪਤਾ ਕਿ ਮੇਰੀ ਅਸਲੀ (ਜਨਮ ਦੀ) ਮਾਂ ਕੇਹੜੀ ਹੈ। ਜਦ ਜੰਮਦੇ ਬਚੇ ਨੂੰ ਆਪਨੀ ਹੀ ਸੁਧ ਬੁਧ ਨਹੀਂ ਹੁੰਦੀ, ਕਿਸੇ ਦੀ ਪਹਿਚਾਨ ਨਹੀਂ ਹੁੰਦੀ ਤਾਂ ਉਸਨੂੰ ਕੀ ਪਤਾ ਅਪਨੇ ਮਾਂ ਬਾਪ, ਜਾਤਿ ਪਾਤਿ ਦੇ ਬਾਰੇ ਵਿਚ। ਜੋ ਬਚੇ ਦਾ ਪਾਲਨ ਪੋਸਨ ਕਰਦਾ ਹੈ ਉਸਨੂੰ ਹੀ


www.AKJ.Org

ਬੱਚਾ ਆਪਨੀ ਮਾਂ ਸਮਝਦਾ ਹੈ। ਇਸ ਲਈ ਇਥੇ ਇਹ ਸਵਾਲ ਪੈਦਾ ਹੋ ਜਾਂਦਾ ਹੈ ਕਿ ਕਬੀਰ ਭਗਤ ਦੀ ਕਥਨੀ ਝੂਠ ਹੋ ਸਕਦੀ ਹੈ।

ਇਸ ਸ਼ੰਕਾ ਦਾ ਗੁਰਬਾਣੀ ਦੇ ਅਧਾਰ ਤੇ ਇਹ ਉਤਰ ਦਿਤਾ ਜਾ ਸਕਦਾ ਹੈ ਕਿ ਨਾਮ ਜਪਣ ਵਾਲੇ ਨੂੰ ਆਤਮ ਗਿਆਨੁ ਦਿਬ ਦ੍ਰਿਸਟੀ, ਗਿਆਨ ਨੇਤ੍ਰ...ਮਿਲ ਜਾਂਦੇ ਹਨ ਅਗੰਮ ਨਿਗੰਮ ਦੀ ਸੂਝ ਹੋ ਜਾਂਦੀ ਹੈ। ਤ੍ਰਿਭਵਣ ਸੋਝੀ ਪੈ ਜਾਂਦੀ ਹੈ। ਨਾਮ ਜਪਣ ਵਾਲੇ ਨੂੰ ਅਨੇਕਾਂ ਜਨਮ ਦਾ ਗਿਆਨ ਹੋ ਜਾਂਦਾ ਹੈ।

ਜੋਤਿਸ਼ ਵਿਦਿਆ ਸਾਡੇ ਸਾਹਮਣੇ ਹੈ। ਜੋਤਿਸ਼ ਵਿਦਿਆ ਨਾਲ ਵੀ ਕੋਈ ਜਨਮਾਂ ਦਾ ਹਾਲ ਜਾਣਿਆ ਜਾ ਸਕਦਾ ਹੈ, ਪਰ ਨਾਮ ਜਪਣ ਨਾਲ ਅਨੇਕਾਂ ਰਿਧੀਆਂ ਸਿਧੀਆਂ, ਨਿਧੀਆਂ, ਅਨੇਕਾਂ ਭਾਸ਼ਾ, ਪ੍ਰਭ ਵਿਦਿਆ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ, ਨਾਮੀ ਨਾਲ ਅਭੇਦ ਹੋ ਜਾਂਦਾ ਹੈ। 'ਬ੍ਰਹਮਗਿਆਨੀ ਸਭ ਸ੍ਰਿਸਟ ਕਾ ਕਰਤਾ' ਹੋਣ ਕਰ ਕੇ ਕੀ ਆਪਨੇ ਇਸ ਜਨਮ ਦੇ ਸਮੇਂ ਦੀ ਸੂਝ ਬੂਝ ਨਹੀਂ ਰਖ ਸਕਦਾ,ਫਿਰ ਸਾਡੇ ਸਾਮ੍ਹਣੇ ਅਨੇਕਾਂ ਹੀ ਉਦਾਹਰਣ ਹਨ ਜਿਨ੍ਹਾਂ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਪਹਿਲੇ ਜਨਮ ਵਿਚ ਫ਼ਲਾਨਾ ਮਨੁਖ ਕੀ ਸੀ, ਕੇਹੜੀ ਜੂਨ ਵਿਚ ਸੀ। ਅਨੇਕਾਂ ਭਗਤਾਂ ਅਤੇ ਅਵਤਾਰਾਂ, ਗੁਰੂਆਂ ਨੇ ਅਪਨੇ ਅਨੇਕਾਂ ਜਨਮਾਂ ਦੇ ਹਾਲ ਗੁਰਬਾਣੀ ਵਿਚ ਅੰਕਤ ਕੀਤੇ ਹਨ। ਇਸ ਲਈ ਇਹ ਸ਼ੰਕਾ ਨਹੀਂ ਉਠ ਸਕਦੀ ਕਿ ਭਗਤ ਕਬੀਰ ਜੀ ਦੀ ਅਪਨੀ ਕਥਨੀ, ਆਪਣ ਜਨਮ ਬਾਰੇ ਦਿਤੀ ਗਵਾਹੀ ਠੀਕ ਨਹੀਂ।

ਸੋ ਕਬੀਰ ਦਾਸ ਜੀ ਦੇ ਉਪਰੋਕਤ ਸ਼ਬਦਾਂ ਤੋਂ ਸਪਸ਼ਟ ਹੈ ਕਿ ਉਹ ਮੁਸਲਮਾਨ (ਜਨਮ ਦੇ) ਸਨ।

## ਭਗਤ ਰਵਿਦਾਸ ਜੀ ਦੀ ਗਵਾਹੀ

ਜਾਤਿ ਪਾਤਿ ਬਾਰੇ ਭਗਤ ਰਵਿਦਾਸ ਜੀ ਲਿਖਦੇ ਹਨ ਕਿ ਭਗਤੀ ਕਰਨ ਨਾਲ ਨੀਚ ਕੁਲ ਵਾਲੇ ਵੀ ਪੂਜਨ ਯੋਗ ਹੋ ਜਾਂਦੇ ਹਨ। ਭਗਤ ਕਿਸੇ ਵੀ ਵਰਨ ਵਿਚ ਕਿਉਂ ਨ ਹੋਵੇ ਉਸ ਦੀ ਤੁਲਨਾ ਛਤ੍ਰਪਤਿ ਰਾਜੇ ਵੀ ਨਹੀਂ ਕਰ ਸਕਦੇ, ਜਿਥੇ ਭਗਤ ਜੀ ਨੇ ਅਪਨੀ ਜ਼ਾਤਿ ਬਾਰੇ ਸਾਫ ਲਿਖਿਆ ਹੈ 'ਕਹਿ ਰਵਿਦਾਸ ਚਮਾਰਾ' 'ਜਾਤੀ ਓਛਾ ਪਾਤੀ ਓਛਾ, ਓਛਾ ਜਨਮ ਹਮਾਰਾ' ਉਥੇ ਆਪ ਨੇ ਕਬੀਰ ਭਗਤ ਜੀ ਬਾਰੇ ਵੀ ਫੈਸਲਾ ਦਿਤਾ ਹੈ ਕਿ ਆਪ ਜੁਲਾਹਾ ਸਨ।

੨. ਭਗਤ ਕਬੀਰ ਜੀ ਦੇ ਜਨਮ ਬਾਰੇ ਭਗਤ ਰਵਿਦਾਸ ਜੀ ਦੀ ਗਵਾਹੀ ਬਹੁਤ ਵਜ਼ਨੀ ਅਤੇ ਲਾਭਦਾਇਕ ਹੈ ਕਿਉਂਕਿ ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਸਮਕਾਲੀ ਸਨ ਅਤੇ ਦੋਨੋਂ ਹੀ ਉਚ ਅਵਸਥਾ ਦੇ ਮਾਲਕ ਸਨ,ਦੋਨੋਂ ਹੀ ਭਗਤ ਬਨਾਰਸ ਦੇ ਰਹਿਣ ਵਾਲੇ ਸਨ। ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਆਪਸੀ ਗੋਸ਼ਟ, ਧਰਮ ਚਰਚਾ, ਪ੍ਰਭ ਸਿਮਰਨ ਦੀ ਮਹਿਮਾ...ਆਦਿ ਬਾਰੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਸ਼ਬਦ ਅੰਕਿਤ ਕੀਤਾ ਮਿਲਦਾ ਹੈ। ਇਸ ਸ਼ਬਦ ਦੇ ਸਿਰਲੇਖ ਤੇ ਬਾਣੀ ਭਗਤ ਰਵਿਦਾਸ ਜੀ ਦੀ ਲਿਖਿਆ ਹੈ ਇਸ ਤੋਂ ਸਿਧ ਹੁੰਦਾ ਹੈ ਕਿ ਇਹ ਸ਼ਬਦ ਭਗਤ ਰਵਿਦਾਸ ਜੀ ਨੇ ਉਚਾਰਨ ਕੀਤਾ ਹੈ ਅਤੇ ਕਬੀਰ ਜੀ ਦੇ ਨਾਲ ਬੈਠ ਕ ਗੋਸ਼ਟ ਕੀਤੀ ਹੈ।

ਮਲਾਰ ਬਾਣੀ ਭਗਤ ਰਵਿਦਾਸ ਜੀ ਦੀ ਪੰਨਾ ੧੨੯੩)

ਹਰਿ ਜਪਤ ਤੇਊ ਜਨਾ ਪਦਮ ਕਵਲਾ ਸਪਤਿ
ਤਾਸ ਸਮਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਜਾਕੈ ਭਾਗਵਤੁ ਲੇਖੀਐ, ਅਵਰੁ ਨਹੀ ਪੇਖੀਐ,
ਤਾਸ਼ ਕੀ ਜਾਤਿ ਆਛੋਪ ਛੀਪਾ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ,
ਨਾਮ ਕੀ ਨਾਮਨਾ ਸਪਤ ਦੀਪਾ॥
ਜਾਕੈ ਈਦ ਬਕਰੀਦਿ ਕੁਲ ਗਊ ਰੇ ਬਧੁ ਕਰਹਿ,
ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ,
ਤਿਹੂ ਰੇ ਲੋਕ ਪਰਸਿਧ ਕਬੀਰਾ॥


www.AKJ.Org

ਜਾ ਕੇ ਕੁਟੰਬ ਕੇ ਢੇਂਢ ਸਭ ਢੋਰ ਢੋਵੰਤ ਫਿਰਹਿ ਅਜਹੂ ਬੇਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਨ ਦਾਸਾ ॥

ਇਸ ਸ਼ਬਦ ਵਿਚ ਆਈ ਪੰਕਤੀ 'ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ, ਮਾਨੀਅਹਿ ਸੇਖ ਸਹੀਦ ਪੀਰਾ' ਵਿਚ ਭਗਤ ਰਵਿਦਾਸ ਜੀ ਸ੍ਰੀ ਕਬੀਰ ਦਾਸ ਜੀ ਦੇ ਬਾਰੇ ਇਸ ਤਰ੍ਹਾਂ ਸੰਕੇਤ ਦੇ ਰਹੇ ਹਨ:—

ਸ੍ਰੀ ਕਬੀਰ ਜੀ ਉਸ ਖ਼ਾਨਦਾਨ ਨਾਲ ਸੰਬੰਧ ਰਖਦੇ ਹਨ ਜਿਥੇ 'ਜਾ ਕੈ ਈਦ ਬਕਰੀਦਿ' ਕੁਲ ਅਥਵਾ ਜਿਸ ਘਰ ਵਿਚ ਈਦ ਅਤੇ ਬਕਰੀਦਿ......ਆਦਿ ਇਹ ਤਿਉਹਾਰ ਮਨਾਏ ਜਾਂਦੇ ਹਨ। ਹੁਣ ਇਹ ਸਪਸ਼ਟ ਹੈ ਕਿ ਈਦ ਅਤੇ ਬਕਰੀਦ ਮੁਸਲਮਾਨ ਹੀ ਮਨਾਂਦੇ ਹਨ ਨ ਕਿ ਹਿੰਦੂ। ਇਹ ਦੋਨੋਂ ਹੀ ਮੁਸਲਿਮ ਤਿਉਹਾਰ ਹਨ।

'ਗਊ ਰੇ ਬਧੁ ਕਰਹਿ'—ਗਊ ਦਾ ਬੱਧ ਕੀਤਾ ਜਾਂਦਾ ਹੈ ਅਰਥਾਤ ਕਬੀਰ ਜੀ ਉਸ ਕੁਲ ਚੋਂ ਹਨ ਜਿਥੇ ਗਊ ਮਾਰੀ ਜਾਂਦੀ ਹੈ ਅਤੇ ਉਸ ਦਾ ਮਾਸ ਖਾਧਾ ਜਾਂਦਾ ਹੈ। ਹੁਣ ਇਹ ਵੀ ਸਪਸ਼ਟ ਹੈ ਕਿ ਗਊ ਬੱਧ ਮੁਸਲਮਾਨ ਹੀ ਕਰਦੇ ਹਨ। ਹਿੰਦੂ ਧਰਮ ਤਾਂ ਗਊ ਨੂੰ ਮਾਤਾ ਕਰ ਕੇ ਸਤਕਾਰਦੇ ਹਨ ਤੇ ਬਧ ਕਰਨਾ ਤਾਂ ਇਕ ਪਾਸੇ ਰਿਹਾ। ਸੋ ਇਸ ਅਧ ਪੰਕਤੀ ਤੋਂ ਵੀ ਇਹ ਸਿਧ ਹੁੰਦਾ ਹੈ ਕਿ ਸ੍ਰੀ ਭਗਤ ਕਬੀਰ ਜੀ ਮੁਸਲਮਾਨ ਸਨ।

'ਮਾਨੀਅਹਿ ਸੇਖ ਸਹੀਦ ਪੀਰਾ'—ਇਸ ਅੱਧ ਪੰਕਤੀ ਵਿਚ ਵੀ ਸ੍ਰੀ ਰਵਿਦਾਸ ਜੀ ਉਸ ਖ਼ਾਨਦਾਨ ਦੀ ਵਿਸ਼ੇਸ਼ਤਾ ਦਸਦੇ ਹੋਇ ਕਬੀਰ ਭਗਤ ਨੂੰ ਮੁਸਲਮਾਨ ਸਿੱਧ ਕਰ ਰਹੇ ਹਨ। ਕਬੀਰ ਭਗਤ ਜੀ ਉਸ ਜਨਮ (ਕੁਲ) ਨਾਲ ਸੰਬੰਧ ਰਖਦੇ ਹਨ ਜਿਸ ਕੁਲ ਵਿਚ ਧਰਮ ਦੇ ਆਗੂਆਂ, ਪ੍ਰਚਾਰਕਾਂ, ਪੁਜਾਰੀਆਂ ਨੂੰ ਸਤਕਾਰ ਵਜੋਂ ਸੇਖ, ਸਈਅਦ, ਪੀਰ, ਪੈਗ਼ੰਬਰ ਕਰ ਕੇ ਕਿਹਾ ਜਾਂਦਾ ਹੈ। ਸੋ ਐਸੇ ਸਤਿਕਾਰ ਵਾਲੇ ਸ਼ਬਦ ਵੀ ਮੁਸਲਮਾਨ ਧਰਮ ਦੇ ਹਨ, ਨ ਕਿ ਹਿੰਦੂ ਧਰਮ ਦੇ।

ਇਸ ਤੋਂ ਅਗਲੀ ਪੰਕਤੀ ਵਿਚ ਵੀ ਭਗਤ ਰਵਿਦਾਸ ਜੀ, ਸ੍ਰੀ ਕਬੀਰ ਜੀ ਦਾ ਖ਼ਾਨਦਾਨੀ ਪੇਸ਼ਾ ਦਸਦੇ ਹੋਇ ਕਹਿੰਦੇ ਹਨ ਕਿ 'ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ, ਤਿਹੂ ਰੇ ਲੋਕ ਪ੍ਰਸਿਧ ਕਬੀਰਾ' ਜੋ ਪੇਸ਼ਾ ਬਾਪ ਕਰਦਾ ਹੈ ਪ੍ਰਸਿਧ ਕਹਾਵਤ ਅਨੁਸਾਰ ਉਹ ਹੀ ਪੇਸ਼ਾ ਉਸ ਦਾ ਲੜਕਾ ਕਰਦਾ ਹੈ। ਅਰਥਾਤ ਕਬੀਰ ਜੀ ਦੇ ਖ਼ਾਨਦਾਨ ਵਿਚ ਜੁਲਾਹ ਦਾ ਪੇਸ਼ਾ (ਕਾਰੋਬਾਰ) ਚਲਦਾ ਸੀ ਤੇ ਉਹ ਹੀ ਕਾਰੋਬਾਰ, ਕੰਮ ਕਾਰ ਕਬੀਰ ਜੀ ਵੀ ਕਰਦੇ ਸਨ।

ਤਾਤੇ ਉਪਰੋਕਤ ਸ਼ਬਦ ਦੀਆਂ ਇਹਨਾਂ ਦੋ ਪੰਕਤੀਆਂ ਰਾਹੀਂ ਹੀ ਭਗਤ ਰਵਿਦਾਸ ਜੀ ਦੀ ਗਵਾਹੀ ਪ੍ਰਮਾਣੀਕ ਮੰਨੀ ਜਾ ਸਕਦੀ ਹੈ ਕਿ ਕਬੀਰ ਜੀ ਜੁਲਾਹ ਸਨ, ਜਨਮ ਦੇ ਹੀ ਮੁਸਲਮਾਨ ਸਨ, ਨ ਕਿ ਹਿੰਦੂ ਵਿਧਵਾ ਬ੍ਰਹਮਣੀ ਦੇ ਲੜਕੇ।

ਗੁਰਬਾਣੀ ਵਿਚ ਜਿਥੇ ਕਿਧਰੇ ਵੀ ਕਬੀਰ ਜੀ ਦੇ ਬਾਰੇ ਜ਼ਿਕਰ ਭਗਤਾਂ ਨੇ ਕੀਤਾ ਹੈ ਕਿਧਰੇ ਵੀ ਐਸਾ ਇਸ਼ਾਰਾ ਨਹੀਂ ਕਿ ਕਬੀਰ ਜੀ ਹਿੰਦੂ ਸਨ। ਸਗੋਂ ਹਰ ਇਕ ਭਗਤ ਨੇ ਮੁਸਲਮਾਨ ਹੀ ਦਸਿਆ ਹੈ। ਇਥੇ ਕੇਵਲ ਭਗਤ ਰਵਿਦਾਸ ਜੀ ਦੀ ਹੀ ਗਵਾਹੀ ਦਿਤੀ ਗਈ ਹੈ ਜੋ ਕਾਫ਼ੀ ਪੁਖਤਾ ਅਤੇ ਮੰਨਣਯੋਗ ਹੈ।

## ਭਾਈ ਸਾਹਿਬ ਭਾ: ਗੁਰਦਾਸ ਜੀ ਦਾ ਫੈਸਲਾ

ਭਾਈ ਸਾਹਿਬ ਭਾ: ਗੁਰਦਾਸ ਜੀ ਦੀ ਰਚਨਾ ਨੂੰ ਗੁਰੂ ਸਾਹਿਬਾਂ ਨੇ ਗੁਰਬਾਣੀ ਦੀ ਕੁੰਜੀ ਦਾ ਖ਼ਿਤਾਬ ਦਿਤਾ ਹੈ ਅਤੇ ਇਹਨਾਂ ਦੀ ਰਚਨਾ ਨੂੰ ਸਤਕਾਰਿਆ ਅਤੇ ਪ੍ਰਵਾਨਿਆ ਹੈ। ਆਓ ਹੁਣ ਜ਼ਰਾ ਭਾ: ਸਾਹਿਬ ਜੀ ਦੀ ਰਚਨਾ ਵਿਚੋਂ ਕਬੀਰ ਜੀ ਦੇ ਜਨਮ ਬਾਰੇ ਪੜਚੋਲ ਕਰਨ ਦੀ ਕੋਸ਼ਸ਼ ਕਰੀਏ।


www.AKJ.Org

ਭਾਈ ਸਾਹਿਬ ਜੀ ਨੇ ਗੁਰੂ ਸਾਹਿਬਾਂ ਦੇ ਸਮੇਂ ਅਤੇ ਇਸ ਤੋਂ ਪਹਿਲਾਂ ਹੋ ਚੁਕੇ ਭਗਤਾਂ ਦਾ ਜ਼ਿਕਰ ਕਈ ਥਾਂਈ ਆਪਣੀ ਰਚਨਾ ਵਿਚ ਕੀਤਾ ਹੈ। ਭਾਈ ਸਾਹਿਬ ਜੀ ਨੇ ਤਕਰੀਬਨ 150 ਸਿਖਾਂ ਅਤੇ ਕਈ ਭਗਤਾਂ ਦਾ ਜੀਵਨ ਆਪਣੀ ਰਚਨਾ ਵਿਚ ਇੰਝ ਕਲਮਬੰਦ ਕੀਤਾ ਹੈ ਜਿਵੇਂ ਸਮੁੰਦਰ ਨੂੰ ਕੁਜੇ ਵਿਚ ਬੰਦ ਕਰਨ ਵਾਲੀ ਗਲ ਹੈ। ਥੋੜੇ ਵਿਚ ਬਹੁਤ ਕੁਝ ਲਿਖ ਦਿਤਾ ਹੈ। ਭਾਈ ਸਾਹਿਬ ਜੀ ਨੇ ਵੀ ਜ਼ਾਤ ਪਾਤ ਬਾਰੇ ਇਹ ਹੀ ਫ਼ੈਸਲਾ ਦਿਤਾ ਹੈ :

> ਘਿਉ ਭਾਂਡਾ ਨ ਵਿਚਾਰੀਐ
> ਭਗਤਾਂ ਜਾਤਿ ਸਨਾਤਿ ਨ ਕਾਈ॥

ਜਿਥੋਂ ਤਕ ਸਰੀਰਕ ਪੰਜ ਭੋਤਕ ਚੋਲੇ ਬਾਰੇ ਜਾਤ ਪਾਤ ਦਾ ਸਬੰਧ ਹੈ ਉਥੇ ਆਪ ਨੇ ਮੁਖੀ ਭਗਤਾਂ ਬਾਰੇ ਲਿਖ ਦਿਤਾ ਹੈ। ਕਬੀਰ ਦਾਸ ਜੀ ਬਾਰੇ ਆਪ ਜੀ ਦਾ ਫ਼ੈਸਲਾ ਥਲੇ ਲਿਖੀ ਇਕ ਹੀ ਪੰਕਤੀ ਤੋਂ ਪ੍ਰਗਟ ਹੋ ਜਾਂਦਾ ਹੈ :—

> "ਭਗਤ ਕਬੀਰ ਜੁਲਾਹੜਾ,
> ਨਾਮਾ ਛੀਬਾ ਹਰਿ ਗੁਣ ਗਾਈ॥"

ਇਸ ਪੰਕਤੀ ਵਿਚ ਦੋ ਭਗਤਾਂ ਬਾਰੇ ਲਿਖਦੇ ਹਨ ਕਿ ਭਗਤ ਕਬੀਰ ਜੀ ਜੁਲਾਹਾ (ਮੁਸਲਮਾਨ) ਅਤੇ ਨਾਮਦੇਵ ਜੀ ਛੀਂਬੇ ਸਨ ਤੇ ਹਰਿ ਗੁਣ ਗਾਉਂਦੇ ਸਨ। ਦੋਨਾਂ ਹੀ ਭਗਤਾਂ ਦੀ ਜਾਤਿ ਸਪਸ਼ਟ ਲਿਖ ਦਿਤੀ ਹੈ।

ਸੋ ਭਾਈ ਸਾਹਿਬ ਜੀ ਦਾ ਵੀ ਇਹ ਹੀ ਫੈਸਲਾ ਹੈ ਕਿ ਭਗਤ ਕਬੀਰ ਜੀ ਜੁਲਾਹ ਸਨ। ਕਿਧਰੇ ਵੀ ਭਾਈ ਸਾਹਿਬ ਨੇ ਹਿੰਦੂ ਆਦਿ ਨਹੀਂ ਲਿਖਿਆ।

## ਗੁਰੂ ਸਾਹਿਬਾਂ ਦਾ ਫ਼ੈਸਲਾ

ਉਤੇ ਅਸੀਂ ਇਹ ਸਿਧ ਕਰ ਚੁਕੇ ਹਾਂ ਕਿ ਭਗਤ ਕਬੀਰ ਜੀ ਦਾ ਅਪਨਾ ਫੈਸਲਾ, ਹੋਰ ਭਗਤਾਂ ਦੀਆਂ ਕਹਾਣੀਆਂ ਅਤੇ ਭਾ: ਸਾਹਿਬ ਭਾ: ਗੁਰਦਾਸ ਜੀ ਦਾ ਫੈਸਲਾ ਇਹ ਹੀ ਹੈ ਕਿ ਭਗਤ ਕਬੀਰ ਜੀ ਜੁਲਾਹਾ ਸਨ ਤੇ ਉਸ ਵਕਤ ਜੁਲਾਹੇ ਦਾ ਕੰਮ ਕੇਵਲ ਮੁਸਲਮਾਨ ਹੀ ਕਰਦੇ ਸਨ। ਇਹ ਉਹਨਾਂ ਦਾ ਖ਼ਾਨਦਾਨੀ ਪੇਸ਼ਾ ਸੀ। ਹੁਣ ਆਉ ਜ਼ਰਾ ਗੁਰੂ ਸਾਹਿਬਾਂ ਦਾ ਫ਼ੈਸਲਾ ਵਿਚਾਰੀਏ ਹੈ।

ਅਗਰ ਗੁਰਬਾਣੀ ਨੂੰ ਗਹਿਰਾਈ ਨਾਲ ਵਿਚਾਰਿਆ ਜਾਇ ਤਾਂ ਇਕ ਗੱਲ ਸਪਸ਼ਟ ਹੋ ਜਾਇਗੀ ਕਿ ਸਾਰੇ ਭਗਤਾਂ ਨੇ ਆਪਨੀ ਜ਼ਾਤਿ ਨੂੰ ਪ੍ਰਗਟ ਕਰਕੇ ਲਿਖਿਆ ਹੈ। ਕਿਸੇ ਨੇ ਵੀ ਜ਼ਾਤ ਨੂੰ ਛੁਪਾਇਆ ਨਹੀਂ ਸਗੋਂ ਅਪਨੀ ਜਾਤਿ ਨੂੰ ਹੀਨੜੀ ਜਾਤਿ, ਚਮਰੇਟਾ, ਛੀਪਾ, ਜਟ, ਨਾਈ, ਕਰਕੇ ਲਿਖਿਆ ਹੈ। 'ਜ਼ਾਤੀ ਓਛਾ ਪਾਤੀ ਓਛਾ, ਕਹਿ ਰਵਿਦਾਸ ਚਮਾਰਾ' ਕਰਕੇ ਪ੍ਰਗਟ ਰੂਪ ਲਿਖਿਆ ਤੇ ਉਨ੍ਹਾਂ ਦਾ ਐਸਾ ਲਿਖਨ ਨਾਲ ਉਹਨਾਂ ਦੀ ਇਜ਼ਤ ਵਧੀ ਹੀ ਹੈ ਘਟੀ ਨਹੀਂ। ਪ੍ਰਭ ਅਗੇ ਅਪਨੀ ਨੀਵੀ ਜ਼ਾਤਿ ਨੂੰ ਜਿਤਲਾ ਕੇ ਸਾਰੇ ਹੀ ਭਗਤਾਂ ਨੇ ਜੋਦੜੀਆਂ ਕੀਤੀਆਂ ਹਨ। ਇਸ ਤਰੀਕੇ ਨਾਲ ਗੁਰੂ ਸਾਹਿਬਾਂ ਨੇ ਵੀ ਕਿਸੇ ਭਗਤ ਦੀ ਜ਼ਾਤਿ ਨੂੰ ਛੁਪਾਇਆ ਨਹੀਂ ਸਗੋਂ ਉਹਨਾਂ ਭਗਤਾਂ ਦੀ ਜਾਤਿ, ਨੀਵੇਂ ਕੰਮਕਾਰ ਨੂੰ ਜਿਤਲਾ ਕੇ ਸਾਨੂੰ ਹਲੂਣਾ ਦਿਤਾ ਹੈ, ਪ੍ਰੇਰਨਾ ਦਿਤੀ ਹੈ ਕਿ ਅਸੀਂ ਭਗਤੀ ਕਰਕੇ ਪ੍ਰਭੂ ਦੀ ਖੁਸ਼ੀ ਪ੍ਰਾਪਤ ਕਰ ਸਕਦੇ ਹਾਂ। ਪ੍ਰਭੂ ਪਰੇਮ ਦਾ ਭੁਖਾ ਹੈ ਨਾ ਕਿ ਜ਼ਾਤਿ ਪਾਤਿ ਦਾ। ਇਕ ਸ਼ਬਦ ਪੰਚਮ ਪਾਤਸ਼ਾਹ ਸਾਹਿਬ


www.AKJ.Org

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਥਲੇ ਦਿਤਾ ਜਾ ਰਿਹਾ ਹੈ ਜਿਸ ਤੋਂ ਕੁਝ ਭਗਤਾਂ ਦੀ ਜਾਤਿ ਪਾਤਿ, ਕੰਮ ਕਾਰ ਦਾ ਪਤਾ ਲਗ ਜਾਂਦਾ ਹੈ।

ਮਹਲਾ ੫ ॥

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ।੧।ਰਹਾਉ।
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ।੧।
ਰਵਿਦਾਸੁ ਢੁਵੰਤਾ ਢੋਰ ਨੀਤਿ,
ਤਿਨਿ ਤਿਆਗੀ ਮਾਇਆ ॥
ਪ੍ਰਗਟ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ।੨।
ਸੈਨੁ ਨਾਈ ਬੁਤਕਾਰੀਆ
ਓਹ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ
ਭਗਤਾ ਮਹਿ ਗਨਿਆ ॥ ੩੫ ॥
ਇਹ ਬਿਧ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ।।੫।।੨।

ਜਿਥੇ ਹੋਰ ਭਗਤਾਂ ਦੀ ਜਾਤਿ ਬਾਰੇ ਇਸ਼ਾਰਾ ਕੀਤਾ ਹੈ ਉਥੇ ਇਹ ਪੰਕਤੀਆਂ ਨੀਚ ਕੁਲਾ ਜੁਲਾਹਰਾ, ਬੁਨਨਾ ਤਨਨਾ ਤਿਆਗਿ ਕੈ ਇਹ ਸਿਧ ਕਰ ਦੇਂਦੀਆਂ ਹਨ ਕਿ ਕਬੀਰ ਸਾਹਿਬ ਜੀ ਜੁਲਾਹਾ ਖ਼ਾਨਦਾਨ ਵਿਚ ਪੈਦਾ ਹੋਇ ਸਨ ਨ ਕਿ ਵਿਧਵਾ ਬ੍ਰਹਮਣੀ ਦੀ ਕੁੱਖ ਤੋਂ।

ਸੋ ਗੁਰਮਤਿ ਦਾ ਫੈਸਲਾ ਜੋ ਗੁਰਬਾਣੀ ਵਿਚੋਂ ਮਿਲਦਾ ਹੈ ਉਸ ਮੁਤਾਬਕ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਕਬੀਰ ਜੀ ਦੀ ਜਨਮ ਤੋਂ ਹੀ ਜੁਲਾਹੇ ਦੇ ਘਰ ਪੈਦਾ ਹੋਇ ਸਨ। ਇਹ ਜੋ ਚਲਤ ਰਵਾਇਤ ਹੈ ਕਿ ਵਿਧਵਾ ਬ੍ਰਹਮਣੀ ਦੀ ਕੁੱਖ ਤੋਂ ਪੈਦਾ ਹੋਏ ਤੇ ਉਹ ਲੋਕ ਲਾਜ ਦੇ ਕਾਰਨ ਬਾਹਰ ਸੁਟ ਆਈ ਅਤੇ ਨੀਰੂ ਨਾਮਕ ਜੁਲਾਹੇ ਨੇ ਬਚੇ ਨੂੰ ਚੁਕ ਲਿਆ ਤੇ ਪਾਲਨ ਪੋਸਨ ਕੀਤੀ, ਇਹ ਮਤਿ, ਇਹ ਰਾਇ, ਗੁਰਮਤਿ ਦੀ ਕਸੌਟੀ ਤੇ ਨਹੀਂ ਉਤਰਦੀ।

## ਅੰਤਕਾ

ਕਈ ਪੁਸਤਕਾਂ ਪੜ੍ਹਨ ਨੂੰ ਮਿਲੀਆਂ ਪਰ ਭਗਤ ਕਬੀਰ ਜੀ ਦੇ ਬਾਰੇ ਜ਼ਾਤਿ ਵਿਚ ਭੁਲੇਖਾ ਪਿਆ ਹੀ ਪੜ੍ਹਨ ਨੂੰ ਮਿਲਿਆ ਅਤੇ ਕਿਸੇ ਨੇ ਵੀ ਇਕ ਫ਼ੈਸਲਾ ਦ੍ਰਿੜਤਾ ਨਾਲ ਨਹੀਂ ਦਿਤਾ। ਗੁਰਬਾਣੀ ਵਿਚੋਂ ਪੜਚੋਲ ਕਰਨ ਤੇ ਦਾਸ ਇਸੇ ਨਤੀਜੇ ਤੇ ਪਹੁੰਚਿਆ ਕਿ ਗੁਰਬਾਣੀ ਵਿਚ ਤਾਂ ਬਿਲਕੁਲ ਸਪਸ਼ਟ ਕੀਤਾ ਗਿਆ ਹੈ, ਭੁਲੇਖੇ ਦਾ ਸਵਾਲ ਹੀ ਨਹੀਂ ਪੈਂਦਾ। ਜਦ ਸਾਰੇ ਹੀ ਭਗਤਾਂ, ਗੁਰੂਆਂ ਦੀ ਇਕ ਹੀ ਮਤਿ, ਇਕ ਹੀ ਰਾਇ ਹੈ ਤਾਂ ਫਿਰ ਘਟੋ ਘਟ ਸਿਖ ਇਤਿਹਾਸਕਾਰਾਂ ਨੂੰ ਇਕ ਹੀ ਫੈਸਲਾ ਦੇਣਾ ਚਾਹੀਦਾ ਹੈ। ਸਰਬੱਗ ਸਤਿਗੁਰੂ ਦੁਆਰਾ ਉਚਾਰੀ ਬਾਣੀ ਸਤਿ ਸਤਿ ਕਰਕੇ ਮੰਨਣ ਵਾਲੇ ਅੰਦਰ ਤਾਂ ਐਸੇ ਭੁਲੇਖੇ ਪੈ ਹੀ ਨਹੀਂ ਸਕਦੇ ਪਰ ਆਮ ਜਨਤਾ ਅਗੇ ਐਸੀਆਂ ਦਲੀਲਾਂ ਪੇਸ਼ ਕਰਨ ਦੀ ਜ਼ਰੂਰਤ ਸਮਝਦੇ ਹੋਇ ਗੁਰਬਾਣੀ ਚੋਂ ਕਬੀਰ ਦਾਸ ਜੀ ਬਾਰੇ ਭਗਤਾਂ ਅਤੇ ਗੁਰੂਆਂ ਦੇ ਫ਼ੈਸਲੇ ਨੂੰ ਗੁਰਬਾਣੀ ਦੇ ਅਧਾਰ ਤੇ ਲਿਖਣ ਦਾ ਯਤਨ ਕੀਤਾ ਗਿਆ ਹੈ। ਇਤਨੀ ਉਚ ਬਾਣੀ ਦੇ ਗੋਝ ਭੇਦਾਂ, ਅਰਥਾਂ ਨੂੰ ਸਤਿਗੁਰੂ ਹੀ ਸਮਝਦਾ ਹੈ ਪਰ "ਆਪ ਆਪਨੀ ਬੁਧ ਹੈ ਜੇਤੀ। ਬਰਣਤ ਭਿੰਨ ਭਿੰਨ ਤੋਹਿ ਤੇਤੀ", ਅਲਪੱਗ ਬੁਧੀ ਮੁਤਾਬਕ ਇਹ ਕੁਝ ਲਿਖਣ ਦਾ ਯਤਨ ਕੀਤਾ ਗਿਆ ਹੈ ਅਸਲੀਅਤ ਸਤਿਗੁਰ ਜਾਨੀਜਾਨ ਹੀ ਜਾਣਦਾ ਹੈ।

———



www.AKJ.Org

# ( ਦਸਮੇਸ਼ ਉਪਕਾਰ )

(ਵਲੋਂ:—ਦਾਸ ਗੁਰਮੀਤਪਾਲ ਸਿੰਘ "ਵਾਰਿਸ" ਪਿੰਡ ਭੂੰਦੀਆਂ)

ਮੇਹਰਾਂ ਵਾਲੇ ਨੇ ਮੇਹਰ ਦੀ ਨਜ਼ਰ ਕੀਤੀ, ਉਜੜੇ ਬਾਗਾਂ ਦੇ ਵਿਚ ਬਹਾਰ ਆਈ।
ਜੋਬਨ-ਫੁਲਾਂ ਦਾ ਡੁਲਕਦਾ ਚਮਨ ਅੰਦਰ, ਬਹਾਰ ਚਮਨ ਦਾ ਲੈ ਸ਼ਿੰਗਾਰ ਆਈ।
ਭੌਰੇ ਮਸਤ ਹੋ ਗੂੰਜਦੇ ਮੋਤੀਏ ਤੇ, ਮੁਰਝਾਇਆਂ ਗੁਲਾਂ ਦੇ ਉਤੇ ਗੁਲਜ਼ਾਰ ਆਈ।
ਫੰਧ ਦੁੱਖੀ ਗਰੀਬਾਂ ਦਾ ਕਟਣੇ ਨੂੰ, ਵਿਚ ਪਟਨੇ ਸੱਚੀ ਸਰਕਾਰ ਆਈ।

ਨਜ਼ਰਾਂ ਵਾਲਿਓ ਰੱਜ ਕੇ ਦੱਰਸ ਕਰ ਲਓ, ਉਹਦੀ ਨਜ਼ਰ ਨਾਲ ਮਨ ਨਿਹਾਲ ਹੋਵੇ।
ਬੂਟਾ ਸਿੱਖੀ ਦਾ ਪਾਲਣਾ ਬੜਾ ਔਖਾ, ਬਿਨਾਂ ਦਿਤਿਆਂ ਖੂਨ ਨਾ ਪਾਲ ਹੋਵੇ।
ਬਿਨਾ ਰਹਿਤ ਦੇ ਸਿੱਖ ਅਸਿੱਖ ਸਮਝੋਂ, ਬਿਨਾਂ ਕਕਾਰਾਂ ਨਹੀਂ ਸੰਭਾਲ ਹੋਵੇ।
ਭਾਲੋ ਲੱਖ ਚਾਹੇ ਜੰਗਲਾਂ ਜੋਗੀਆਂ ਤੋਂ, ਬਿਨਾ ਅੰਮ੍ਰਿਤ ਨਾ ਰੱਬ ਦੀ ਭਾਲ ਹੋਵੇ।

ਜਾਨਣ ਲੋਕ ਸਾਰੇ ਕਿਹੜਾ ਜਾਣਦਾ ਨਹੀਂ, ਬੇੜਾ ਭੀਲਣੀ ਦਾ ਰਾਮ ਬਣ ਪਾਰ ਕੀਤਾ।
ਲਾਜ ਭਗਤ ਪ੍ਰਲਾਦ ਦੀ ਰੱਖਣੇ ਨੂੰ ਨਰਸਿੰਘ ਦਾ ਰੂਪ ਤਿਆਰ ਕੀਤਾ।
ਕੌਡੇ ਰਾਕਸ਼ਾਂ ਆਦਮਾ ਖਾਣਿਆਂ ਦਾ, ਨਜ਼ਰ ਮੇਹਰ ਦੀ ਕਰ ਉਧਾਰ ਕੀਤਾ।
ਅਮਰ ਸਿੱਖੀ ਨੂੰ ਗੁਰਾਂ ਨੇ ਕਰਨ ਖਾਤਰ, ਅੰਮ੍ਰਿਤ ਆਪ ਦਸਮੇਸ਼ ਤਿਆਰ ਕੀਤਾ।

ਅੰਮ੍ਰਿਤ ਪੀਓ ਤੇ ਜੀਓ ਜੀ ਸਿੰਘ ਸੱਜਕੇ, ਰੂਪ ਸਿੰਘ ਦਾ ਆਪ ਕਰਤਾਰ ਕੀਤਾ।
ਅੰਮ੍ਰਿਤ ਪਾਨ ਤੋਂ ਕਾਸ ਤੋਂ ਝਿਝਕਦੇ ਹੋ, ਇਹ ਤਾਂ ਤਿਆਰ ਹੈ ਸੱਚੀ ਸਰਕਾਰ ਕੀਤਾ।
ਤੁਸੀਂ ਭੁਲ ਬੈਠੇ ਜਿਸਨੇ ਜਿੰਦ ਬਖਸ਼ੀ, ਬਦਲੇ ਕੌਮ ਦੇ ਜਿਨ ਉਪਕਾਰ ਕੀਤਾ।
ਕਿਉਂ ਸਿੱਖੀ ਦਾ ਬੀਜ ਹੋ ਨਾਸ਼ ਕਰ ਰਹੇ, ਸਾਕਾਰ ਸਿੱਖੀ ਦਾ ਤੁਸਾਂ ਬਦਕਾਰ ਕੀਤਾ।

ਇਹ ਸਿੱਖੀ ਰੱਬ ਜਿਦੇ ਲਈ ਬਣ ਦਸ਼ਮੇਸ਼ ਆਇਆ ਬੂਟਾ ਸਿੱਖੀ ਦਾ ਜੱਗ ਤੇ ਲਾਉਣ ਖਾਤਰ।
ਝੁਗਾ ਆਪਣਾ ਚੌੜ ਚਪੱਟ ਕੀਤਾ, ਬੁਰਜ ਹਿੰਦ ਦਾ ਅੰਬਰ ਚੜ੍ਹਾਉਣ ਖਾਤਰ।
ਟੁਕੜੇ ਜਿਗਰ ਦੇ ਜਿਦੇ ਲਈ ਚਾਰ ਵਾਰੇ, ਸਿੱਖ ਧਰਮ ਦੇ ਬ੍ਰਿਛ ਨੂੰ ਲਾਉਣ ਖਾਤਰ।
ਖੂਨ ਨਾਲ ਜੋ ਪੂਰ ਗੁਲਜ਼ਾਰ ਆ ਜਾਏ, ਨਾਲ ਕੁਰਬਾਨੀਆਂ ਫੁਲ ਖਿੜਾਉਣ ਖਾਤਰ।

ਹਿੰਦੀ ਹਾਰਿਆਂ ਕਰਮਾਂ ਮਾਰਿਆਂ ਨੂੰ, ਖਾਤਰ ਜੀਉਣ ਦੀ ਸ਼ੇਰ ਬਣਾਉਣ ਖਾਤਰ।
ਪਿਤਾ ਵਾਰਿਆ ਵਾਰ ਪ੍ਰਵਾਰ ਦਿਤਾ, ਏਸ ਸਿੱਖੀ ਦਾ ਮਨ ਮਹਿਕਾਉਣ ਖਾਤਰ।
ਬਾਜ ਚਿੜੀਆਂ ਤੋਂ, ਗਿਦੜਾਂ ਤੋਂ ਸ਼ੇਰ ਕਰਕੇ, ਸਵਾ ਲੱਖ ਨਾਲ ਇਕ ਲੜਾਉਣ ਖਾਤਰ।
ਸਾਮਰਾਜ ਤੋਂ ਆਪਣਾ ਰਾਜ ਚੰਗਾ, ਹਿੰਮਤ ਹਾਰਿਆਂ ਨੂੰ ਪੱਟੀ ਪੜਾਉਣ ਖਾਤਰ।



www.AKJ.Org

# ਖਾਲਸੇ ਨੂੰ ਇਕ ਵੰਗਾਰ, ਪ੍ਰੇਮ ਸਹਿਤ ?

(ਵਲੋਂ:—ਭਾ: ਮਨਮੋਹਨ ਸਿੰਘ ਜੀ 'ਬੱਲ' ਬੁਤਾਲਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਪਿਆਨੇ ਮਗਰੋਂ ਜੋ 1765 ਵਿਚ ਹੋਇਆ, ਉਨ੍ਹਾਂ ਤੋਂ ਲਗ ਪਗ 40 ਵਰ੍ਹੇ ਤਕ ਤਾਂ ਬਹੁਤ ਤੇ ਫੇਰ ਥੋੜੇ ਖੇਦ ਖਾਲਸੇ ਨੇ ਝੱਲੇ, ਜੋ ਕੁਰਬਾਨੀਆਂ ਕੀਤੀਆਂ ਜੋ ਘਾਲਾਂ ਘਾਲਕੇ ਆਪਣੇ ਪੰਥ ਤੇ ਦੇਸ਼ ਨੂੰ ਜ਼ੁਲਮ ਰਾਜ ਤੋਂ ਮੁਕਤ ਕਰਨ ਵਿਚ ਖਰਚ ਕੀਤੀਆਂ, ਅਤੇ ਜੰਗਲਾਂ ਵਿਚ ਰਹਿੰਦਿਆਂ ਹੋਇਆਂ ਭੀ ਆਪਸੀ ਪਿਆਰ, ਉਨ੍ਹਾਂ ਜਹੀ ਸ਼ਾਨ ਵਾਲੀ ਆਪਾ ਘਾਲਣ ਦੀ ਮਿਸਾਲ ਤੇ ਉਪਕਾਰ ਦੀ ਖ਼ਾਤਰ ਸਦਕੇ ਹੋਣ ਦੀ ਨਜ਼ੀਰ ਜਗਤ ਇਤਿਹਾਸ ਵਿੱਚ ਮਿਲਣੀ ਮੁਸ਼ਕਲ ਹੈ। ਜੇ ਕਦੇ ਉਸ ਸਦੀ ਦੇ ਹਾਲਾਤ ਸਿਖ ਮਰਦ ਤ੍ਰੀਮਤਾਂ ਬੱਚੇ ਪੜ੍ਹ ਲੈਣ ਤਾਂ ਆਪਣੇ ਜੀਵਨ ਉਚੇ ਕਰਨ ਦੇ ਨਾਲ ਆਪਣੇ ਬਜ਼ੁਰਗ ਪਿੱਛ ਦੇ ਫ਼ਖ਼ਰ ਵਿਚ ਐਤਨੇ ਉਚੇ ਉਠਣ ਕਿ ਕੌਮੀ ਪਿਆਰ ਤੇ ਕੌਮ ਲਈ ਸਦਕੇ ਹੋਣ ਤੇ ਸਿੱਖੀ ਸਿਦਕ ਵਿਚ ਵਡਿਆਂ ਵਰਗੇ ਹੋ ਜਾਣ,ਜਿਸਦੇ ਪੜ੍ਹਨ ਨਾਲ ਕੌਮ ਵਿੱਚ ਨਵੀਂ ਜਾਨ ਭਰ ਜਾਵੇ। ਜਦੋਂ ਖਾਲਸੇ ਦੇ ਪਿਛਲੇ ਮੁਸੀਬਤਾਂ ਵਾਲੇ ਦਿਹਾੜੇ ਪੜ੍ਹੀਦੇ ਹਨ. ਜਦੋਂ ਕਿ ਉਹ ਜੰਗਲਾਂ ਵਿਚ ਡੇਰਾ ਲਗਾਈ ਰਖਦੇ ਸਨ, ਨਾਮ ਜਪਣਾ ਵੰਡ ਕੇ ਛਕਣਾ ਅਤੇ ਸਿਖੀ ਸਿਦਕ ਭਰੋਸੇ ਲਈ ਅਰਦਾਸ ਕਰਨੀ, ਉਸ ਮੁਸੀਬਤਾਂ ਵਿਚ ਭੀ ਆਪਸੀ ਪਿਆਰ ਗੁਰਸਿੱਖਾਂ ਦਾ ਆਪੋ ਵਿਚ ਸਕੇ ਭਾਈਆਂ ਤੋਂ ਵਧ ਪਿਆਰ ਉਨ੍ਹਾਂ ਦੀਆਂ ਭੈਣਾ ਤੇ ਸਿੰਘਣੀਆਂ ਨੂੰ ਸਾਰੇ ਡੇਰੇ ਦੇ ਸਿੰਘਾਂ ਨੇ ਆਪਣੀਆਂ ਸਕੀਆਂ ਭੈਣਾਂ ਤੋਂ ਭੀ ਵਧ ਸਮਝਣਾ, ਅਤੇ ਹਰ ਤਰੀਕੇ ਨਾਲ ਉਨ੍ਹਾਂ ਦੀ ਦੁਸ਼ਮਣ ਪਾਸੋਂ ਰਖਿਆ ਕਰਨੀ, ਉਸ ਸਮੇਂ ਦਾ ਪਤਿਬ੍ਰਤਾ ਪਿਆਰ ਭੀ ਏਹੋ ਜਿਹਾ ਹੁੰਦਾ ਸੀ ਕਿ ਇਤਿਹਾਸ ਪੜ੍ਹਿਆ ਅੱਖਾਂ ਵਿਚ ਹੰਝੂਆਂ ਦੇ ਸੋਮੇਂ ਫੁੱਟ ਪੈਂਦੇ ਹਨ,ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਨੇ ਤਾਂ ਖਾਲਸੇ ਨੂੰ ਬਹੁਤ ਹੀ ਦੁਖੀ ਕਰ ਰਖਿਆ ਸੀ ਪਰ ਇਹ ਦਸ਼ਮੇਸ਼ ਜੀ ਦੀ ਲਾਡਲੀ ਫ਼ੌਜ ਭੀ ਰਤਾ ਭੀ ਨਹੀਂ ਸੀ ਡੋਲਦੀ ਏਸੇ ਦੇ ਹੀ ਹਮਲੇ ਵਿਚ ਇਕ ਵਾਰੀ ਭਾਈ ਬਿਜੈ ਸਿੰਘ ਬੜੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ, ਜਦੋਂ ਸਿੰਘਾਂ ਨੇ ਫਟੜ ਵੇਖ ਕੇ ਮੱਲ੍ਹਮ ਪਟੀ ਸ਼ੁਰੂ ਕੀਤੀ ਤਾਂ ਭਾਈ ਬਿਜੈ ਸਿੰਘ ਦਾ ਜ਼ਖ਼ਮ ਬਹੁਤ ਡੂੰਘਾ ਸੀ ਜਿਸ ਵਿਚੋਂ ਬਹੁਤ ਜ਼ੋਰ ਨਾਲ ਖ਼ੂਨ ਦਾ ਫੁਹਾਰਾ ਵਗ ਰਿਹਾ ਸੀ, ਇਸ ਸਮੇਂ ਸਾਰੇ ਸਿੰਘ ਤੇ ਇਨ੍ਹਾਂ ਦੀ ਧਰਮ ਪਤਨੀ ਜਿਨ੍ਹਾਂ ਨੇ ਘਰ ਦੇ ਸਾਰੇ ਸੁਖ ਛਡ ਕੇ ਆਪ ਦੇ ਪਤੀ ਨਾਲ ਹੀ ਮੁਸੀਬਤਾਂ ਦੇ ਸਮੇਂ ਵਿਚ ਭੀ ਵਿਚਰਨ ਦਾ ਪ੍ਰੋਗਰਾਮ ਬਣਾ ਰਖਿਆ ਸੀ ਅਤੇ ਅੰਤਲੇ ਦਮ ਤਕ ਨਾਲ ਭੀ ਰਹੇ।

ਖਾਲਸੇ ਨੂੰ ਆਖਰੀ ਫ਼ਤਹ ਬੁਲਾ ਕੇ ਭਾਈ ਬਿਜੈ ਸਿੰਘ ਦੀਆਂ ਅਖਾਂ ਤੇ ਬੁਲ੍ਹ ਮਿਟ ਗਏ ਅਤੇ ਬਿਜੈ ਸਿੰਘ ਮੌਤ ਵਿਜਈ ਹੋ ਗਿਆ। ਸ਼ੀਲ ਕੌਰ ਉਸ ਵੇਲੇ ਜੋ ਜਪੁਜੀ ਸਾਹਿਬ ਦਾ ਪਾਠ ਕਰ ਰਹੀ ਸੀ ਭੋਗ ਪੈਣ ਤੇ 'ਕੇਤੀ ਛੁਟੀ ਨਾਲ' ਖ਼ਬਰ ਨਹੀਂ ਕਿੰਨੀ ਵੇਰ ਕਹਿ ਚੁਕੀ ਸੀ, ਕਹੀ ਜਾਂਦੀ ਹੈ ਤੇ ਅੱਖ ਨਹੀਂ ਝਮਕਦੀ, ਜਦ ਪਤੀ ਦਾ ਅੰਤਮ ਸੁਆਸ ਨਿਕਲਿਆ, ਸੀਲ ਕੌਰ ਦਾ ਸਿਰ ਪਤੀ ਦੀ ਛਾਤੀ ਪੁਰ ਧੜਮ ਕਰਦਾ ਡਿੱਗਾ, ਪਰ ਸਤਵੰਤੀ ਸੀਲ ਕੌਰ ਪਤੀ ਨਾਲ ਹੀ ਤੁਰ ਗਈ, ਧਰਮ ਤੇ



www.AKJ.Org

ਪਿਆਰ ਅੰਤ ਤਕ ਨਿਭ ਗਿਆ।

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥

ਜਦੋਂ ਅਸੀਂ ਆਪਣਾ ਇਤਿਹਾਸ ਪੜ੍ਹ ਕੇ ਪਤਾ ਕਰਦੇ ਹਾਂ ਕਿ ਇਸ ਪੰਥ ਖਾਲਸੇ ਦਾ ਬਿਪਤਾ ਦੇ ਸਮੇਂ ਭੀ ਇਤਨਾ ਪਿਆਰ ਆਪਸ ਵਿਚ ਹੁੰਦਾ ਸੀ ਇਕ ਦੂਜੇ ਦਾ ਦੁਖ ਆਪਣਾ ਹੀ ਦੁਖ ਸਮਝਿਆ ਜਾਂਦਾ ਸੀ ਅਤੇ ਸਾਰੇ ਜਥੇ ਵਿਚ ਬੀਬੀਆਂ ਜੋ ਭੀ ਹੋਣ ਉਨ੍ਹਾਂ ਨੂੰ ਮਾਵਾਂ, ਧੀਆਂ, ਭੈਣਾਂ ਕਰਕੇ ਸਤਿਕਾਰਿਆ ਜਾਂਦਾ ਸੀ। ਅੱਜ ਦੇ ਜ਼ਮਾਨੇ ਅੰਦਰ ਅਸੀਂ ਜੇ ਝਾਤੀ ਮਾਰੀਏ ਤਾਂ ਉਨ੍ਹਾਂ ਗਲਾਂ ਵਿਚੋਂ ਸਾਡੇ ਵਿਚ ਇਕ ਭੀ ਨਹੀਂ ਹੈ ਹੋਰਨਾਂ ਧਰਮਾਂ ਜਾਂ ਗੈਰ ਸਿਖ ਤੋਂ ਇਲਾਵਾ ਸਾਡੇ ਆਪਣੇ ਖਾਲਸੇ ਪੰਥ ਵਿਚ ਹੀ ਬੜੇ ਵਿਤਕਰੇ ਪਾਏ ਜਾਂਦੇ ਹਨ, ਸਿੰਘ,ਸਿੰਘ ਹੀ ਇਕ ਦੂਜੇ ਨੂੰ ਨੀਵਾਂ ਤੇ ਉਚਾ ਸਮਝਦਾ ਹੈ ਭਾਵੇਂ ਕਿਤਨਾਂ ਹੀ ਕੋਈ ਸਿੰਘ ਰਹਿਤ ਵਿਚ ਪੱਕਾ ਕਿਉਂ ਨਾ ਹੋਵੇ,ਅਤੇ ਨਾਮ ਬਾਣੀ ਵਿਚ ਕਿੰਨਾ ਭੀ ਅਲਮਸਤ ਕਿਉਂ ਨਾ ਰਹਿੰਦਾ ਹੋਵੇ ਪਰ ਜੇ ਉਹ ਧੰਨ ਵਿਚ ਜਾਂ ਕਿਸੇ ਚੋਧਰ ਵਿਚ ਨੀਵਾਂ ਹੋਵੇ ਤਾਂ ਉਸ ਦੇ ਸਾਥੀ ਸਿੰਘ ਹੀ ਉਸ ਦਾ ਇਤਨਾਂ ਮਾਣ ਨਹੀਂ ਕਰਦੇ ਅਤੇ ਕਹਿੰਦੇ ਹਨ ਕਿ ਇਸ ਗਰੀਬੜੇ ਪਾਸੋਂ ਕਿਹੜਾ ਕੋਈ ਮਤਲਬ ਹੱਲ ਹੋਣਾ ਹੈ ਪਰ ਉਹ ਇਹ ਨਹੀਂ ਸਮਝਦੇ ਕਿ ਜਿਸ ਕੋਲ ਉਸ ਵਾਹਿਗੁਰੂ ਦਾ ਨਾਮ ਹੈ ਉਸ ਨੂੰ ਤਾਂ ਹੋਰ ਕਿਸੇ ਵਸਤੂ ਦੀ ਜ਼ਰੂਰਤ ਹੀ ਨਹੀਂ ਹੈ।

ਗੁਰੂ ਸਾਹਿਬ ਨੇ ਤਾਂ ਮਿਲਨਾ ਵਰਤਣਾ ਹੀ ਸਿੰਘਾਂ ਨਾਲ ਹੀ ਦਸਿਆ ਹੈ ਪਰ ਏਥੇ ਅਸੀਂ ਖਾਲਸਾ ਹੁੰਦਿਆਂ ਹੋਇਆਂ ਭੀ ਆਪਣੇ ਗਰੀਬ ਗੁਰਸਿਖਾਂ ਦਾ ਧਿਆਨ ਤਕ ਨਹੀਂ ਰਖਦੇ।

ਮੇਰੇ ਇਕ ਰਿਸ਼ਤੇਦਾਰ ਹੀ ਹਨ ਜੋ ਕਹਿਣੇ ਨੂੰ ਪੂਰੇ ਸਿੰਘ ਹਨ ਅਤੇ ਕਾਫੀ ਵਡੇ ਔਫੀਸਰ ਲਗੇ ਹੋਏ ਹਨ ਅਤੇ ਪੂਰੇ ਨਿਤਨੇਮੀ ਭੀ ਹਨ, ਦਾਸ ਨੇ ਉਨ੍ਹਾਂ ਨੂੰ ਪਿਛੇ ਇਕ ਸ਼ਾਦੀ ਤੇ ਆਉਣ ਲਈ ਆਪਣੇ ਗ੍ਰਹਿ ਸਦਿਆ ਪਰ ਉਹ ਨਾ ਗਏ ਜਦੋਂ ਮੈਂ ਮਿਲਣ ਤੇ ਉਨ੍ਹਾਂ ਨੂੰ ਪੁਛਿਆ ਕਿ ਰਿਸ਼ਤੇਦਾਰ ਭੀ ਲਗਦੇ ਹੋ ਤੇ ਗੁਰਸਿਖੀ ਨਾਤੇ ਗੁਰਭਾਈ ਭੀ ਹੋ ਪਰ ਆਪ ਸ਼ਾਦੀ ਤੇ ਕਿਉਂ ਨਹੀਂ ਆਏ? ਉਹਨਾਂ ਨੇ ਮੈਨੂੰ ਇਕੋ ਹੀ ਜਵਾਬ ਦਿਤਾ ਕਿ ਜਿਤਨਾ ਮੇਰਾ ਔਫੀਸਰ ਕਰ ਕੇ ਸਟੈਂਡਰਡ ਹੈ ਉਤਨਾਂ ਤੁਹਾਡਾ ਨਹੀਂ ਹੈ ਇਸ ਕਰ ਕੇ ਮੈਨੂੰ ਸਭ ਕੁਝ ਵਿਚਾਰਨਾ ਪੈਂਦਾ ਹੈ। ਮੈਂ ਅਗੇ ਭੀ ਉਨ੍ਹਾਂ ਨੂੰ ਕਈ ਵਾਰ ਵੇਖਿਆ ਹੈ ਜਦੋਂ ਕਿਤੇ ਕੋਠੀ ਜਾਈਏ ਤਾਂ ਉਹ ਬੜੀ ਆਕੜ ਨਾਲ ਹੀ ਪੇਸ਼ ਆਉਂਦੇ ਸਨ ਇਸ ਬਾਰੇ ਕਬੀਰ ਜੀ ਨੇ ਲਿਖਿਆ ਭੀ ਹੈ:—

ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥੧॥
ਜਉ ਸਰਧਨੁ ਨਿਰਧਨ ਕੈ ਜਾਇ॥ਦੀਆ ਆਦਰੁ ਲੀਆ ਬੁਲਾਇ ॥੨॥
ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥
ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ॥

ਪਰ ਇਹ ਤਾਂ ਗੈਰ ਸਿਖ ਉਤੇ ਇਸ਼ਾਰਾ ਹੈ ਜੋ ਹਉਮੈ ਨਾਲ ਭਰਪੂਰ ਹੋਵੇ ਅਤੇ ਧਨ ਮੱਦ ਨੇ ਜਿਸ ਦੀ ਬੁਧੀ ਭਰਿਸ਼ਟ ਕੀਤੀ ਹੋਵੇ ਪਰ ਮੈਂ ਸਿਖ ਦੀ ਗਲ ਕਰ ਰਿਹਾ ਹਾਂ। ਆਪਣੇ ਗਰੀਬ ਸਿਖ ਨੂੰ ਵੇਖ ਕੇ ਘ੍ਰਿਣਾ ਨਾ ਕਰੇ ਸਗੋਂ ਉਸ ਨਾਲ ਦੂਜਿਆਂ ਨਾਲੋਂ ਵਧ ਪਿਆਰ ਕਰੇ ਕਿਉਂਕਿ ਗਰੀਬ ਸਿੱਖ ਦਾ ਦੂਜਿਆਂ ਦੇ ਹਿਸਾਬ ਨਾਲ ਪਿਆਰ ਭੀ ਜ਼ਿਆਦਾ ਹੁੰਦਾ ਹੈ ਉਸ ਦੀ ਸਾਂਝ ਸਿਰਫ ਸੰਗਤ ਨਾਲ ਹੀ ਹੁੰਦੀ ਹੈ ਜੋ ਉਸ ਦੇ ਦੁਨੀਆਵੀ ਰਿਸ਼ਤੇਦਾਰ ਹੁੰਦੇ ਨੇ ਉਹ ਪਹਿਲੇ ਹੀ ਉਸ ਨੂੰ ਛੱਡੀ ਬੈਠੇ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਉਸ ਗਰੀਬ ਪਾਸੋਂ ਕੋਈ ਭੀ ਮਤਲਬ ਦੀ ਆਸ ਨਹੀਂ ਹੁੰਦੀ ਜੋ ਉਸ ਨਾਲ ਮਿਲਵਰਤਣ ਕਰਨ।

ਸਭ ਤੋਂ ਵਡੀ ਗਲ ਕਿ ਨਾਮ ਜਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿਤਰ ਹੁਕਮਾਂ ਦੀ ਪਾਲਨਾਂ ਕਰਨੇ ਵਾਲਾ ਹੀ ਪੂਰਨ ਸਿਖ ਅਖਵਾ ਸਕਦਾ ਹੈ, ਮੇਰਾ ਭਾਵ ਸਿਰਫ ਅਜ ਕੱਲ ਦੇ ਖਾਲਸੇ ਦੇ ਆਪਸੀ, ਸਬੰਧਾਂ ਬਾਰੇ ਹੈ ਜੋ ਅਸੀਂ ਪਿਛਲੇ ਆਪਣੇ ਹੀ ਸਦੀਕੁ ਦੇ ਕਾਲਾਂ ਨੂੰ ਗੌਰ


www.AKJ.Org

ਨਾਲ ਪੜ੍ਹੀਏ ਤਾਂ ਅੱਜ ਦੇ ਜ਼ਮਾਨੇ ਵਲ ਵੇਖ ਕੇ ਹੈਰਾਨ ਰਹਿ ਜਾਈਦਾ ਹੈ ਕਿ ਹੁਣ ਸਾਡਾ ਪਿਆਰ ਕਿਧਰ ਗਿਆ ਉਹ ਸਾਡੀ ਪੰਥ ਖਾਲਸੇ ਦੀ ਜਥੇਬੰਦੀ ਕਿਧਰ ਗਈ ਜਿਸ ਨੂੰ ਵੇਖਕੇ ਅਹਿਮਦ ਸ਼ਾਹ ਅਬਦਾਲੀ ਵਰਗੇ ਜਾਬਰ ਹਾਕਮ ਭੀ ਕਿਹਾ ਕਰਦੇ ਸਨ ਕਿ ਜੇ ਪੰਜਾਬ ਵਿਚ ਸਿਖ ਕੌਮ ਨਾ ਹੋਵੇ ਤਾਂ ਮੈਨੂੰ ਇਸ ਹਿੰਦੋਸਤਾਨ ਦਾ ਰਾਜ ਸਾਹਮਣਾ ਨ ਕੋਈ ਮੁਸ਼ਕਲ ਨਹੀਂ ਹੈ ਜਦੋਂ ਸਾਰਾ ਦੇਸ ਮੈਂ ਫਤੇ ਕਰਕੇ ਇਸ ਪੰਜਾਬ ਦੀ ਧਰਤੀ ਤੇ ਪੈਰ ਰਖਦਾ ਹਾਂ ਤਾਂ ਮੇਰੀ ਫੌਜ ਦੇ ਮੂੰਹ ਇਹ ਸਿਖ ਇਕਠੇ ਹੋ ਕੇ ਭੁੰਵਾਂ ਦੇਂਦੇ ਹਨ ਪਰ ਇਹ ਤਾਕਤ ਕਿਸ ਚੀਜ਼ ਦੀ ਸੀ ! ਇਹ ਹੌਸਲਾ ਕਿਸ ਗਲ ਦਾ ਸੀ ? ਇਹ ਦਸਮੇਸ਼ ਪਾਤਸ਼ਾਹ ਦਾ ਛਕਿਆ ਖੰਡੇ ਦਾ ਅੰਮ੍ਰਿਤ ਪਰ ਖਾਲਸਾ ਜੀ ਅੰਮ੍ਰਿਤ ਅੱਜ ਭੀ ਅਸੀਂ ਛਕਦੇ ਹਾਂ ਪਰ ਬਾਦ ਵਿਚ ਉਸ ਦੇ ਸਾਰੇ ਅਸੂਲ ਗ੍ਰਹਿਣ ਨਹੀਂ ਕਰਦੇ ਅਸੀਂ ਢਿਲੜ ਜਹੇ ਹੋ ਜਾਂਦੇ ਹਾਂ ਜਿਸ ਕਰਕੇ ਸਾਡੇ ਵਿਚ ਉਹ ਅੰਮ੍ਰਿਤ ਵਿਚ ਬਖਸ਼ੀ ਹੋਈ ਤਾਕਤ ਨਹੀਂ ਰਹਿ ਜਾਂਦੀ।

ਜੇ ਸਾਡੇ ਨਾਲ ਹੀ ਕੋਈ ਨੀਵੀਂ ਜਾਤ ਦਾ ਅੰਮ੍ਰਿਤ ਛਕ ਭੀ ਲੈਂਦਾ ਹੈ ਤਾਂ ਉਸ ਨੂੰ ਅਸੀਂ ਆਪਣੇ ਨਾਲ ਹੀ ਨਹੀਂ ਰਲਾਉਂਦੇ ਸਗੋਂ ਉਸ ਦੀਆਂ ਵਾਹ-ਹਯਾਤ ਗਲ੍ਹਾਂ ਬਣਾਉਂਦੇ ਹਾਂ ਕਿ ਫਲਾਣਾ ਭੀ ਹੁਣ ਸਾਡੀਆਂ ਰੀਸਾਂ ਕਰਦਾ ਹੈ ਭਾਵੇਂ ਉਵੇਂ ਉਹ ਕਿਨ੍ਹਾਂ ਭੀ ਨਾਮ ਬਾਣੀ ਦਾ ਪਿਆਰਾ ਕਿਉਂ ਨਾ ਹੋਵੇ। ਪਰ ਏਹੋ ਜਹੇ ਵਿਤਕਰੇ ਕਰਨ ਵਾਲੇ ਲੋਕਾਂ ਨੂੰ ਅੰਮ੍ਰਿਤ ਦੀ ਸਾਰ ਹੀ ਕੀ ਹੁੰਦੀ ਹੈ ਉਹ ਤਾਂ ਜਿਨ੍ਹਾਂ ਵਹਿਮਾਂ ਵਿਚ ਪਹਿਲਾਂ ਸੀ ਉਨ੍ਹਾਂ ਵਿਚ ਹੀ ਫੇਰ ਫਸੇ ਰਹਿੰਦੇ ਹਨ:—

ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ॥

ਅੱਜ ਕਲ ਦੇ ਜ਼ਮਾਨੇ ਵਿਚ ਤਾਂ ਸਿਖ ਦਾ ਪਹਿਲਾ ਫਰਜ਼ ਨਾਮ ਜਪਨ ਦਾ ਬਣ ਜਾਂਦਾ ਹੈ ਅਤੇ ਕਚੇ ਗੁਰੂਆਂ ਤੋਂ ਬਚਕੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਚਾ ਗੁਰੂ ਸਮਝ ਕੇ ਉਨ੍ਹਾਂ ਦੀ ਸਿਖਿਆ ਸੁਣ ਕੇ ਸਾਰੀ ਉਮਰ ਉਸ ਸਿਖਿਆ ਤੇ ਚਲਦੇ ਹੋਏ ਹੀ ਆਪਣਾ ਜੀਵਨ ਬਿਤਾ ਜਾਣਾ ਹੈ ਤਾਹੀਂ ਅਸੀਂ ਦਸਮੇਸ਼ ਜੀ ਦੀ ਆਗਿਆ ਤੇ ਚਲਦੇ ਹਾਂ ਜੇ ਉਨ੍ਹਾਂ ਦਾ ਹੁਕਮ ਮੰਨਣਾ ਹੈ।

'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'

ਇਹ ਸਾਰੀ ਸਿਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਫਿਰ ਸਤਿ ਸੰਗਤ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਤੇ ਨਾਲ ਹੀ ਆਪਣੇ ਗੁਰਮੁਖ ਜਨਾਂ ਦੀਆਂ ਮੇਹਨਤ ਨਾਲ ਲਿਖੀਆਂ ਪੁਸਤਕਾਂ ਭੀ ਪੜ੍ਹ ਕੇ ਉਨ੍ਹਾਂ ਵਿਚੋਂ ਭੀ ਸਾਨੂੰ ਬਹੁਤ ਕੁਝ ਮਿਲ ਸਕਦਾ ਹੈ ਕਬੀਰ ਜੀ ਨੇ ਭੀ ਕਿਹਾ ਹੈ ਕਿ ਮਨ ਨੂੰ ਸਮਝਾਉਣ ਲਈ ਸਾਨੂੰ ਆਪਣੇ ਗਿਆਨ ਵਿਚ ਥੋੜਾ ਜਿਹਾ ਵਾਧਾ ਕਰਨਾ ਚਾਹੀਦਾ ਹੈ।

"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ"

ਆਓ ਅੱਜ ਭੀ ਅਸੀਂ ਗੁਰੂ ਦਸਮੇਸ਼ ਜੀ ਦੇ ਮਿਸ਼ਨ ਨੂੰ ਥਾਂ ਥਾਂ ਪਹੁੰਚਾਈਏ ਅਤੇ ਬਜ਼ੁਰਗਾਂ ਦੇ ਕਾਰਨਾਮੇਂ ਪੜ੍ਹਕੇ ਆਪਣਾ ਜੀਵਨ ਭੀ ਉਨ੍ਹਾਂ ਵਰਗਾ ਬਣਾ ਲਈਏ ਅਤੇ ਆਪਣਾ ਖਾਲਸਾ ਪੰਥ ਸਦਾ ਚੜ੍ਹਦੀਆਂ ਕਲ੍ਹੀ ਵਿਚ ਵੇਖੀਏ ਕਿਉਂਕਿ ਇਸ ਜ਼ਿੰਦਗੀ ਦਾ ਤਾਂ ਕੋਈ ਵਸਾਹ ਹੀ ਨਹੀਂ ਹੈ ਕਦੇ ਕਦੇ ਇਸ ਪਾਣੀ ਦੇ ਬੁਲਬਲੇ ਨੇ ਇਸ ਦੁਨੀਆਂ ਚੋਂ ਅਲੋਪ ਹੋ ਜਾਂਦਾ ਹੈ।

* ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥

ਪਰ ਫੇਰ ਚਲਦਾ ਤਾਂ ਹੈ, ਜੇ ਅਸੀਂ ਸਾਰੇ ਗੁਰੂ ਦੇ ਸਿਖ ਬਣ ਜਾਵਾਂਗੇ ਤਾਂ ਸਾਨੂੰ ਜਮਾਂ ਦੀਆਂ ਡਰਾਉਣੀਆਂ ਸ਼ਕਲਾਂ ਭੀ ਕੁਝ ਨਹੀਂ ਕਹਿਣਗੀਆਂ ਸਗੋਂ ਉਹ ਤਾਂ ਭਗਤਾਂ ਨੂੰ ਮਾਣ ਦੇਂਦੇ ਹਨ।



www.AKJ.Org

# ਪੁਕਾਰ

[ ਵਲੋਂ—ਸ. ਕਰਤਾਰ ਸਿੰਘ ਜੀ 'ਰਾਹੀ' ਲਖਨਊ ]

ਦੇਖ ਅਸਾਡਾ ਹਾਲ ਵੇ ਸੱਜਣਾ
ਕੀਕੂੰ ਹੋਈ ਬੇਹਾਲ ਵੇ ਸੱਜਣਾ
ਜੁਗਾਂ ਜੁਗਾਂ ਦੀਆਂ ਵਾਟਾਂ ਲੰਮੀਆਂ, ਤੁਰ ਤੁਰ ਹੋਈ ਨਿਢਾਲ ਵੇ ਸੱਜਣਾ।
ਜਨਮ ਜੂਨੀਆਂ ਗਾਹ ਗਾਹ ਥੱਕੀ, ਹੰਢ ਹੰਢ ਹੋਈ ਪਰਾਲ ਵੇ ਸੱਜਣਾ।
ਚੁਣ ਚੁਣ ਹਾਰੀ ਫੁਲ ਕੁਸੰਭਾ, ਗਈ ਅਜਾਈਂ ਘਾਲ ਵੇ ਸੱਜਣਾ।
ਪੰਜ ਮਹਿਖਾਸੁਰ ਕਰਨ ਕਰਬਲਾ, ਤੁਧ ਬਿਨ ਕੌਣ ਭੀਆਲ ਵੇ ਸੱਜਣਾ।
ਚੜ੍ਹੀ ਜਵਾਨੀ 'ਕਾਮਦੇਵ' ਨੇ, ਗੱਡਿਆ ਇੰਦਰ ਜਾਲ ਵੇ ਸੱਜਣਾ।
ਭੜ ਭੜ ਮੱਚੇ ਤੇਲ ਦੀਵਿਓਂ, ਡੀਕੇ ਕਰੋਧ ਚੰਡਾਲ ਵੇ ਸੱਜਣਾ।
ਆਰ ਪਾਰ ਮਹੀਂਵਾਲ ਦਾ ਡੇਰਾ, ਲੋਭ-ਝਨਾਂ ਦਾ ਉਛਾਲ ਵੇ ਸੱਜਣਾ।
ਚੰਨ ਤੇ ਕੀਕੂੰ ਚਰਖਾ ਡਾਹਵਾਂ, ਫਸ ਗਈ ਮੋਹ ਜੰਜਾਲ ਵੇ ਸੱਜਣਾ।
ਅਹੰਮੇਵ ਨੇ ਤੂਰ ਵਜਾਇਆ, ਗੱਡੀ ਧੌਣ 'ਚ ਫਾਲ ਵੇ ਸੱਜਣਾ।
ਬਿਨਾਂ ਛੇੜਿਓਂ ਉਡ ਕੇ ਚਿੰਮੜੀ, ਭੂੰਡਾਂ ਦੀ ਖਖਰਾਲ ਵੇ ਸੱਜਣਾ।

ਘਰ ਘਰ ਨਾਜੋ ਨਖਰਿਆਂ ਪਿੱਟੀ, ਮੋਹੇ ਅਕਾਸ਼ ਪਤਾਲ ਵੇ ਸੱਜਣਾ।
ਜਲ ਥਲ ਮਹੀਅਲ ਖੱਟ ਵਿਛਾਈ, ਧਰਿਆ ਨਕਲੀ ਮਾਲ ਵੇ ਸੱਜਣਾ।
ਲੱਗਣ ਦੇਵੇ ਪੈਰ ਨਾਂ ਸੌਕਣ, ਗਲਣ ਨਾਂ ਦਿੰਦੀ ਦਾਲ ਵੇ ਸੱਜਣਾ।
ਮਨ ਕਾਠੀ ਤਨ ਅੱਡੀ ਲਾ ਲਾ, ਪਾਇਆ ਧਮਕੜੇ ਚਾਲ ਵ ਸੱਜਣਾ।
ਘੱਤੀ ਫ਼ਿਰਦੀ ਕੋਹਲੂ ਗੇੜੇ, ਬੱਧਾ ਟੱਲ ਗਲ ਨਾਲ ਵੇ ਸੱਜਣਾ।
ਬਿਨਾਂ ਦੰਦਾਂ ਤੋਂ ਖਾ ਗਈ ਮੋਹਣੀ, ਪੀ ਗਈ ਸਾਹ ਸੱਰਾਲ ਵੇ ਸੱਜਣਾ।
ਤਾਪ ਚੜ੍ਹੇ ਪਈ ਹੂੰਗਾਂ, ਰੂਨ੍ਹੀਂ ਭੂਤ ਪ੍ਰੇਤ ਬਿਕਰਾਲ ਵੇ ਸੱਜਣਾ।
ਧੂੰ ਦੇ ਬੱਦਲ ਵਾਂਗੂੰ ਉਠਣ, ਫੂਰਨਿਆਂ ਦੇ ਉਬਾਲ ਵੇ ਸੱਜਣਾ।

---

ਮਹਿਖਾਸੁਰ—ਦੰਤ ਦਾ ਨਾਂ ਜਿਸਨੂੰ 'ਦੁਰਗਾ' ਨੇ ਆਪਣੀ ਚੰਡੀ ਦੀ ਭੇਟ ਚੜ੍ਹਾਇਆ

ਕਰਬਲਾ—ਅਸਥਾਨ ਦਾ ਨਾਂ ਜਿਥੇ ਰੂਮ ਦੇ ਬਾਦਸ਼ਾਹ 'ਯਜ਼ੀਦ' ਤੇ ਅਮਾਮ ਹੁਸੈਨ ਦੀ ਸਖਤ ਲੜਾਈ ਹੋਈ ਇਥ ਭਾਵ ਸਰੀਰ ਤੋਂ ਹੈ, ਜਿਸ ਵਿਚ ਪੰਜ ਦੈਂਤਾਂ ਨੇ ਘਮਸਾਨ ਮਚਾ ਰਖਿਆ ਹੈ।

ਭੀਆਲ—ਸਾਥੀ ॥ ਨਾਜੋ—ਮਾਇਆ।



www.AKJ.Org

ਤ੍ਰਿਸ਼ਨਾਂ ਚੂਹੜੀ ਨੱਲੀਆਂ ਵੱਟੇ, ਉਣੇ ਚੁਰਾਸੀ ਜਾਲ ਵੇ ਸੱਜਣਾ।
'ਮਾਣ' ਨੇ ਫੂਕਾਂ ਮਾਰ ਫੁਲਾਇਆ, ਡੱਡੂ ਵਾਂਗ ਕਪਾਲ ਵੇ ਸੱਜਣਾ।
ਲੂਣਾ ਫਿਰਦੀ ਮਚਦੀ ਭਖਦੀ, ਪੂਰਣ ਦਾ ਕੀ ਹਾਲ ਵੇ ਸੱਜਣਾ।
ਮਸਤਿਆ ਹਾਥੀ ਕੀਕੂੰ ਬੁਨ੍ਹਾਂ, ਕੀੜੀ ਦੀ ਲਤ ਨਾਲ ਵੇ ਸੱਜਣਾ।
ਦੋਹਾਂ ਪੁੜਾਂ ਦੇ ਸੰਨ੍ਹੀਂ ਆਕੇ, ਆਟਾ ਮੈਦਾ ਦਾਲ ਵੇ ਸੱਜਣਾ।
ਕਿੱਲੀ ਦੀ ਸ਼ਰਣਾਈ ਰੰਖੀਂ, ਮਾਂ-ਕੁੱਛੜ ਜਿਉਂ ਬਾਲ ਵੇ ਸੱਜਣਾ।

ਉਮਰਾਂ ਦੇ ਖੰਭ ਲਾ ਲਾ ਉਡੀ, ਲੈ ਕੇ ਸਜਰੀ ਭਾਲ ਵੇ ਸੱਜਣਾ।
ਕੀਕੂੰ 'ਸੋਚ' ਦੀ ਕੁੱਜੀ ਅੰਦਰ, ਡੱਕਾਂ ਬਹਿਰ-ਉਲ ਕਾਅਲ ਵੇ ਸੱਜਣਾ।
ਟੁੰਡੀ ਪਿੰਗਲੀ ਪਰਬਤ ਕੀਕੂੰ, ਟੱਪਾਂ ਮਾਰ ਕੇ ਛਾਲ ਵੇ ਸੱਜਣਾ।
ਲੱਲ ਵਿਲੱਲੀ ਕੱਤਣ ਬੈਠੀ, ਲਥ ਲਥ ਜਾਂਦੀ ਮਾਅਲ ਵੇ ਸੱਜਣਾ।
ਕੀਕੂੰ ਚੱਟਾਂ ਨਾਲ ਜੀਭ ਦੇ, ਲੋਹਾ ਲਾਲੋ ਲਾਲ ਵੇ ਸੱਜਣਾ।
ਲੰਙਾ ਹੋਇਆ ਬਲਦ ਧਰਮ ਦਾ, ਥੰਮੇਂ ਕੌਣ ਭੂਚਾਲ ਵੇ ਸੱਜਣਾ।
ਅੰਨ੍ਹੀਂ ਬੋਲੀ ਗੁੰਗੀ ਕਿਉਂ ਕਰ ਟੱਪਾਂ ਕਾਲ, ਅਕਾਲ ਵੇ ਸੱਜਣਾ।
ਦੰਦਾਂ ਦੇ ਨਾਲ ਲੋਹਾ ਭੰਨਾਂ, ਇਹ ਕੀ ਮੇਰੀ ਮਜਾਲ ਵੇ ਸੱਜਣਾ।
ਕੀਕੂੰ ਸੁੰਗੜਾਂ ਨੁਕਤੇ ਉਪਰ, ਖਿਲਰੀ ਵਾਲੋ ਵਾਲ ਵੇ ਸੱਜਣਾ।
ਕਿਉਂਕਰ ਬਣਾ ਮਨੂਰੋ ਕੰਚਨ, ਪ੍ਰੇਮ ਕੁਠਾਲੀ ਢਾਲ ਵੇ ਸੱਜਣਾ।
ਮਤ ਸ਼ਹੁ ਭਾਵਾਂ, ਭੰਨ ਘੜਾਵਾਂ, ਬਾਟੇ ਦੀ ਟਕਸਾਲ ਵੇ ਸੱਜਣਾ।

ਸਤਿਗੁਰ ਪੂਰਾ ਕਰੇ ਇਸ਼ਾਰੇ, ਵਸੇਂ ਤੂੰ ਮੇਰੇ ਨਾਲ ਵੇ ਸੱਜਣਾ।
ਪਰ ਦਿੱਸੇਂ ਨਾਂ ਹੱਸੇ ਬੋਲੇਂ, ਇਹ ਕੀ ਫੜੀ ਤੂੰ ਚਾਲ ਵੇ ਸੱਜਣਾ।
ਅੱਗ ਬ੍ਰਿਹੋਂ ਦੀ ਰੂੰ ਦੇ ਅੰਦਰ, ਰੱਖਾਂ ਕਿਵੇਂ ਸੰਭਾਲ ਵੇ ਸੱਜਣਾ।
ਅੱਧੀਆਂ ਗੋਟਾਂ ਹਾਰ ਚੁਕੀ ਹਾਂ, ਹੁਣ ਤਾਂ ਪਾਸਾ ਢਾਲ ਵੇ ਸੱਜਣਾ।
ਫਿਰ ਵੀ ਤਾਂ ਮੈਂ ਤੇਰੀ ਹੀ ਹਾਂ, ਭਾਵੇਂ ਖੁੰਝ ਗਈ ਤਾਲ ਵੇ ਸੱਜਣਾ।
ਬੈਠੀ ਆਸ ਦੀ ਜੋਤ ਜਗਾਈ, ਪਾਵਾਂ ਚਰਬੀ ਢਾਲ ਵੇ ਸੱਜਣਾ।
ਨੀਂਦ ਵੀ ਰੋਂਦੀ ਪਲਕਾਂ ਫੜ ਫੜ, ਕਰ ਕਰ ਤੇਰਾ ਖਿਆਲ ਵੇ ਸੱਜਣਾ।
ਖਾਲੀ ਰਹੀ ਉਡੀਕ ਪਟਾਰੀ, ਹਰ ਵਾਰੀਂ ਗਿਆ ਟਾਲ ਵੇ ਸੱਜਣਾ।
ਹੰਝੂ ਮੇਰੇ ਤਾਰੇ ਬਣ ਬਣ, ਕਰਨਗੇ ਤੇਰੀ ਭਾਲ ਵੇ ਸੱਜਣਾ।
ਮੰਜ਼ਲ ਹੋ ਗਈ ਗੁੰਮ 'ਰਾਹੀ' ਦੀ, ਬਾਲ ਚੁਰਾਹੇ ਮਸਾਲ ਵੇ ਸੱਜਣਾ।

---

ਟੱਲ—ਕਾਮਨਾਵਾਂ ਦਾ ਸ਼ੋਰ। ਤਾਪ—ਮਾਇਆ ਦੇ ਤਿੰਨੇ ਤਾਪ। ਲੂਣਾ—ਮਾਇਆ। ਪੂਰਣ—ਜੀਵ।
ਮਸਤਿਆ ਹਾਥੀ—ਖੁਟਰ ਮਨ। ਕੀੜੀ=ਨਿਤਾਣੀ ਅਕਾਲ।
ਬਾਹਿਰ-ਉਲ-ਕਾਹਲ—(Atlantic ocean) ਸਮੁੰਦਰ ਦਾ ਨਾਂ ਜੋ ਅਮ੍ਰੀਕਾ ਤੇ ਯੂਰਪ ਵਿਚਕਾਰ ਹੈ।


www.AKJ.Org

# ਕੇਸਕੀ ਤੇ ਕੀਰਤਨ

( ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ )

ਸਿਖ ਪੰਥ ਦੇ ਬੁਨਿਆਦੀ ਅਸੂਲ ਇਸ ਵਿਚਾਰ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦੇ ਕਿ ਕੇਸਾਂ ਦਾ ਅਦਬ ਅਜ ਤਕ ਗੁਰਮਤ ਫਿਲਾਸਫੀ 'ਚ ਪਰਮ ਸ਼ਰੇਸ਼ਟ ਰਿਹਾ ਹੈ। ਕੇਸਾਂ ਦਾ ਕੁਦਰਤੀ ਸੁਹਪਣ ਤੇ ਕੇਸਾਂ ਦਾ ਸ਼ਰੇਸ਼ਟ ਸਤਿਕਾਰ ਖਾਲਸੇ ਲਈ ਇਕ ਉਤਮ ਹੁਕਮ ਹੈ। ਦਸਮ ਦੁਆਰ ਤੇ ਸਜਿਆ ਜੂੜਾ ਪਰਮ ਜੋਤ ਦਾ ਪ੍ਰਕਾਸ਼ ਉਬਾਪਦਾ ਏ। ਜਿਸ ਥਾਂ ਤੇ ਪਰਮ ਜੋਤ ਦਾ ਅਨੂਪਮ ਪ੍ਰਕਾਸ਼ ਹੋਵੇ, ਕੀ ਕੋਈ ਇਹ ਮੰਨਣੋ ਰੁਕ ਸਕੇਗਾ ਜੁ ਉਸ ਥਾਂ ਨੂੰ ਪੂਰੀ ਅਦਬ ਨਾਲ ਨਾ ਰਖਿਆ ਜਾਵੇ ? ਨਾਮ ਬਾਣੀ ਦੀ ਖੋਜ ਕੀਤਿਆਂ ਪਤਾ ਚਲੇਗਾ ਕਿ 'ਅੰਮ੍ਰਿਤ ਕੁੰਟਾ' ਜਿਥੋਂ 'ਸਹਿਜ ਕਥਾ' ਵਗਦੀ ਏ ਉਹ ਇਸੇ ਦਸਮ ਦੁਆਰ ਤੋਂ ਹੀ ਵਗਦਾ ਏ, ਤੇ ਇਸ ਲਈ ਕੇਸਾਂ ਦਾ ਅਦਬ ਜੇ ਸਿਖ ਸੰਗਤਾਂ ਨੇ ਨਾ ਪਛਾਣਿਆ ਤਾਂ ਯਕੀਨਨ ਉਹ 'ਖਾਲਸ ਪਰਮ ਜੋਤ' ਦੀ ਰਹਸੁਮਈ ਪਛਾਣ ਵੀ ਭੁਲ ਜਾਣਗੇ।

ਖਾਲਸੇ ਪੰਥ ਦੀ ਮਰਯਾਦਾ ਗੁਰੂ ਸਹਿਬਾਨ ਨੇ ਇਸ ਢੰਗ ਨਾਲ ਢਾਲੀ ਕਿ ਰਹਿਤ ਮਰਯਾਦਾ ਦੋਨੋ ਇਸਤ੍ਰੀ ਤੇ ਮਰਦ ਨਿਭਾ ਸਕਣ। ਕਬੀਰ ਸਾਹਿਬ ਜੋ ਸਿਖ ਫ਼ਿਲਾਸਫੀ ਦੇ Mouthpiece ਨੇ ਉਹਨਾਂ ਤਾਂ ਇਥੋਂ ਤਕ ਕਹਿ ਦਿਤਾ:—

'ਸੁੰਨਤ ਕੀਜੇ ਤੁਰਕ ਜੇ ਹੋਇਗਾ, ਅਉਰਤ ਕਾ ਕਿਆ ਕਰੀਏ।
ਅਰਧ ਸਰੀਰੀ ਨਾਰ ਨ ਛੋਡੇ ਤ ਤੇ ਹਿੰਦੂ ਹੀ ਰਹੀਏ''

ਰਹਿਤ, ਸਿਖ ਬੀਬੀਆਂ ਤੇ ਸਿੰਘਾਂ ਵਾਸਤੇ ਇਕ ਰਖੀ ਗਈ। ਤੇ ਕੇਸਕੀ ਭਾਈ ਸਾਹਿਬ ਦੇ ਲਫ਼ਜ਼ਾਂ ਅਨਕੂਲ ਵੀ ਸਿਖ ਪਰਵਾਰਾਂ ਦਾ ਅੰਗ ਬਣ ਗਈ। ਇਹ ਹੁਕਮ ਹੋਇਆ ਜੁ :—

'ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ'
(ਰਹਿਤਨਾਮਾ)

ਸੁਹਲਵਾਦ ਤੇ ਸੁਹਜਵਾਦ (Fashionism) ਨੇ ਸਿਖ ਮਰਯਾਦਾ ਨੂੰ ਸਮੇਂ ਅਨੁਸਾਰ ਢਿੱਲਾ ਕਰ ਦਿਤਾ ਤੇ ਕੇਸਕੀ ਦੀ ਥਾਂ ਨਿਰੀਆਂ ਚੁਨੀਆਂ ਹੀ ਸਾਡੀਆਂ ਗੁਰਸਿਖ ਬੀਬੀਆਂ ਦਾ ਅਧਾਰ ਬਣ ਗਈਆਂ। ਪਰ ਇਹ ਵੀ ਥੋੜੀ ਦੇਰ ਹੀ ਰਿਹਾ ਤੇ ਫ਼ਿਰ ਅਜਕਲ ਦੇ ਫ਼ੈਸ਼ਨ ਅਨੁਕੂਲ ਪੱਲੇ ਕੇਵਲ ਗੁਰਦੁਵਾਰੇ ਤਕ ਹੀ ਸੀਮਤ ਰਹਿ ਗਏ ਨੇ। ਫ਼ੈਸ਼ਨ ਪ੍ਰਸਤੀ ਕਾਮਵਾਸ਼ਨਾ ਤੇ ਹਉਮੈ ਦਾ ਸੁਭਾਵ ਦਾ ਕੁਝ ਆਮ ਮਨੁਖੀ ਸੁਭਾਵਾਂ 'ਚ ਇਤਨਾ ਪ੍ਰਬਲ ਹੋ ਚੁਕਿਆ ਏ ਜੋ ਸਿਖ ਬੀਬੀਆਂ ਵੀ ਇਸ ਸੁਭਾਵ ਤੋਂ ਬਾਗੀ ਨਹੀਂ ਹੋ ਸਕਦੀਆਂ ਕੀ ਅਸੀਂ ਆਪਣੇ ਭਵਿਖ ਦੀ ਪਨੀਰੀ ਬਾਬਤ ਵਿਚਾਰ ਸਕਦੇ ਹਾਂ ? ਜੇ ਵਿਚਾਰ ਕਰੀਏ ਤਾਂ ਇਹ ਮੰਨਣਾ ਪਵੇਗਾ ਕਿ ਸ਼ਾਇਦ ਉਹ ਪਛਮੀ ਸਭਿਅਤਾ ਦੇ ਵਿਚਾਰ ਹੇਠਾਂ ਕੇਸਾਂ ਦੀ ਵੀ ਲੋੜ ਨਾ ਮਹਿਸੂਸ ਕਰਨ ਤੇ ਇਸ ਤਰ੍ਹਾਂ ਫ਼ਿਰ ਆਚਾਰ ਵਿਚਾਰ ਤੇ ਸਦਾਚਾਰ ਖਤਮ ਹੁੰਦੇ ਜਾਣਗੇ।

ਠੀਕ ਏ ਸਮੇਂ ਦੀ ਵੇਗ ਨੂੰ ਕੋਈ ਨਹੀਂ ਰੋਗ਼ ਸਕਦਾ, ਮਗਰ ਪਵਿਤਰਤਾ ਦੇ ਗੁਣ ਨੂੰ ਲੋਕਾਚਾਰੀ 'ਚ ਸਮੇਟਣਾ ਇਕ ਮਹਾਨ ਗਲਤੀ ਹੀ ਨਹੀਂ ਬਲਕਿ ਬਜ਼ੁਰਗਾਂ ਦੀ ਅਨਮੋਲ ਕਮਾਈਆਂ ਤੇ ਅਮਿੱਟ ਧੱਬਾ ਏ। ਅਜ ਗੁਰਸਿਖਾਂ ਦੀਆਂ



www.AKJ.Org

ਬੀਬੀਆਂ ਨੰਗੇ ਸਿਰ ਬਜ਼ਾਰਾਂ 'ਚ ਇਉਂ ਫ਼ਿਰਦੀਆਂ ਨੇ ਜਿਉ ਪਿਛਲੇ ਸਮੇਂ ਵੇਸ਼ਵਾਵਾਂ ਦਾ ਹਾਲ ਹੁੰਦਾ ਸੀ। ਅਸਾਂ ਇਕ ਵੇਰ ਅੰਮ੍ਰਿਤ-ਧਾਰੀ ਬੀਬੀ ਨੰਗੇ ਸਿਰ ਬਜ਼ਾਰ 'ਚ ਫਿਰਦੇ ਵੇਖੀ ਜੀ ਕੀਤਾ, ਕਿ ਉਸ ਬੀਬੀ ਨੂੰ ਗੁਰਸਿਖੀ ਦਾ ਵਾਸਤਾ ਪਾ ਕੇਸਾਂ ਦਾ ਅਦਬ ਰਖਣ ਲਈ ਬੇਨਤੀ ਕਰੀਏ। ਮਗਰ ਅਜ ਅਸੂਲਾਂ ਦੀ ਦੁਨੀਆਂ ਨਹੀਂ। ਲੋਕਾਚਾਰੀ ਜਾਂ ਖ਼ੁਦਗਰਜ਼ੀ ਦੀ ਦੁਨੀਆਂ ਏ। ਰਹਿਤ ਮਰਿਯਾਦਾ ਜਾਂ ਗੁਰਮਤ ਫਿਲਾਸਫੀ ਕਿਤਾਬਾਂ 'ਚ ਸਮੀਂਦੀ ਜਾਂਦੀ ਏ। ਸਤਿ ਸੰਗਤ, ਨਾਮ ਤੇ ਕੀਰਤਨ ਕੇਵਲ ਕੁਝ ਕੁ ਹੀ ਮਰਜੀਵੜਿਆਂ ਦਾ ਅਧਾਰ ਰਹਿ ਗਿਆ ਏ। ਖੈਰ ਜੇ ਕਰ ਆਵਾ ਹੀ ਉਤਿਆ ਜਾਵੇ ਤਾਂ ਅਸੀਂ ਕੇਵਲ ਸਿਖ ਬੀਬੀਆਂ ਨੂੰ ਹੀ ਦੋਸ਼ ਨਹੀਂ ਦੇ ਸਕਦੇ।

ਕੇਸਕੀ ਕੇਸਾਂ ਦੀ ਪਵਿਤਰਤਾ ਦਾ ਚਿੰਨ ਏ। ਤੇ ਕੀਰਤਨ 'ਚ ਪਵਿਤਰਤਾ ਹੋ ਕੇ ਹੀ ਕੀਰਤਨ ਦਾ ਰੂਪ ਹੋਇਆ ਜਾ ਸਕਦਾ ਹੈ ਜੇ ਇਹੋ ਹੀ ਕਸਵਟੀ ਏ ਤਾਂ ਅਸੀਂ ਕਿਵੇਂ ਰਹਿਤਹੀਣ ਬੀਬੀਆਂ ਜਿਨਾਂ ਕੇਸਾਂ ਦਾ ਸਤਿਕਾਰ ਨਹੀਂ ਪਛਾਣਿਆ, ਸਟੇਜ ਤੇ ਲਿਆ ਗੁਰਮਤਵਾਦ ਦਾ ਅਨਮੋਲ ਖਜ਼ਾਨਾ ਅਜਾਈਂ ਗਵਾ ਸਕਦੇ ਹਾਂ ਇਹ ਗਲ ਜ਼ਰਾ ਵਿਚਾਰਨੀ ਏ। ਨਿਰੀ ਸ਼ਰਧਾ ਜਦ ਤਕ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਨਾ ਲਵੇ ਕਦੇ ਵੀ ਕੀਰਤਨ ਕਰਨ ਲਈ ਪ੍ਰਵਾਨ ਨਹੀਂ ਹੋ ਸਕਦੀ। ਸਾਨੂੰ ਇਹ ਵੀ ਵੇਖਣਾ ਪਵੇਗਾ ਜੋ ਕੇਸਕੀ ਹੀਣ ਅੰਮ੍ਰਿਧਾਰੀ ਬੀਬੀਆਂ ਜਿਨ੍ਹਾਂ ਦੀ ਸੂਰਤ ਤੋਂ ਅਸੀਂ ਵਾਰਨੇ ਜਾ ਸਕਦੇ ਹਾਂ, ਕੀ ਉਹਨਾਂ ਨੂੰ ਵੀ ਕੀਰਤਨ ਦੀ ਖ਼ੁਰਾਕ ਸਾਧ ਸੰਗਤਿ ਨੂੰ ਵੰਡਣ ਦੇਣਾ ਚਾਹੀਦਾ ਹੈ ਕਿ ਨਹੀਂ ? ਇਹੀ ਮਸ਼ਵਰਾ ਸ਼ਾਇਦ ਪਟਿਆਲੇ ਸਮਾਗਮ ਤੇ ਵੀ ਸੰਗਤਾਂ ਵਲੋਂ ਪੇਸ਼ ਕੀਤਾ ਗਿਆ ਸੀ।

ਕੇਸਾਂ ਦਾ ਨੰਗੇਜ ਆਤਿਮਕ ਨੰਗੇਜ ਏ। ਜੇ ਬੀਬੀਆਂ ਆਪਣਾ ਸਰੀਰ ਜਾਂ ਆਤਮਾ ਇਕ ਟੱਕ ਨੰਗੀ ਨਹੀਂ ਕਰ ਸਕਦੀਆਂ, ਤਾਂ ਕੇਸਾਂ ਨੂੰ ਨੰਗੇ ਰਖਣਾ ਨਿਰੀ ਪੁਰੀ ਲੋਕਾਚਾਰੀ ਤੇ ਦਿਖ਼ਾਵੇ ਦੇ ਮਗਰ ਲਗਣਾ ਏ। ਮਗਰ ਰਹਿਤ ਬਾਰ ਬਾਰ ਗੁਰੂ ਖਾਲਸੇ ਨੂੰ ਨਿਆਰਾ ਰਹਿਣ ਲਈ ਵੰਗਾਰਦੀ ਏ।

ਕੇਸਕੀ ਦੀ ਮਹੱਤਤਾ, ਕੇਸਕੀ ਕਿਉਂ ਬੰਨਣੀ ਚਾਹੀਦੀ ਏ, ਇਸ ਬਾਬਤ ਅਸੀਂ ਭਾਈ ਸਾਹਿਬ ਤੇ ਬੀਬੀ ਅਮਰਜੀਤ ਕੌਰ ਦੀਆਂ ਕਿਰਤਾਂ 'ਚੋਂ ਬਹੁਤ ਕੁਛ ਵਾਚ ਸਕਦੇ ਹਾਂ, ਪਰ ਇਹ ਜੋ ਵਿਚਾਰ ਸਿਧ ਕਰਨੀ ਏ, ਉਹ ਇਹ ਕਿ ਕੀ ਕੇਸਕੀ ਹੀਣ ਬੀਬੀ ਕੀਰਤਨ ਦੀ ਸਟੇਜ ਤੇ ਆਵੇ ਜਾਂ ਨਾਂ। ਅਖੰਡ ਕੀਰਤਨੀ ਜਥੇ ਦੇ ਸਿੰਘ ਜੋ ਹਰ ਸ਼ਹਿਰ 'ਚ ਕਿਤੇ ਨਾ ਕਿਤੇ ਆਪਣੇ ਪ੍ਰੋਗਰਾਮ ਚਲਾ ਰਹੇ ਨੇ, ਇਸ ਵਿਚਾਰ ਤੋਂ ਬਹੁਤ ਪਰੇਸ਼ਾਨ ਨੇ। ਢਿਲੜ ਗੁਰਸਿਖ ਵੀਰ ਇਸ ਕਸਵੱਟੀ ਦੀ ਰਾਹ ਵਿਚ ਰੋੜਾ ਨੇ। ਕਸਵੱਟੀ ਅਗੇ ਅਵਸਥਾ, ਉਮਰ ਜਾਂ ਵਡਿੱਤਣ ਨੂੰ ਸਤਿਕਾਰ ਦਿਤਾ ਜਾਂਦੈ। ਠੀਕ ਏ ਬਜ਼ੁਰਗ ਗੁਰਸਿਖ ਵੀਰ ਸਤਿਕਾਰ ਦੇ ਪਾਤਰ ਹੋਣਗੇ, ਮਗਰ ਗੁਰਮਤ-ਫ਼ਿਲਾਸਫ਼ੀ ਇਹ ਕਦੇ ਵੀ ਸਹਿਣ ਨਹੀਂ ਕਰ ਸਕਦੀ ਕਿ ਇਹ ਢਿਲੜ ਵੀਰ ਗੁਰੂ ਘਰ ਦੀ ਮੋਹਰ ਅਗੇ ਆਪਣਾ ਸਿਰ ਨਾ ਝੁਕਾਣ। ਕਸਵੱਟੀ ਨੂੰ ਮੰਨ ਲੈਣਾ ਅਧੀਨਗੀ ਨਹੀਂ, ਬਲਕਿ ਇਕ ਉੱਚਤਮ ਗੁਣ ਏ।

"ਕੇਸਕੀ, ਕਸਵੱਟੀ ਤੇ ਕੀਰਤਨ" ਇਹ ਤਿੰਨ ਗੱਲਾਂ ਸਾਨੂੰ ਵਿਚਾਰਨੀਆਂ ਪੈਣਗੀਆਂ। ਅਸੀਂ ਇਹ ਗਲ ਜ਼ਰੂਰ ਮੰਨ ਸਕਦੇ ਹਾਂ ਕਿ ਚੰਗੀ ਸੁਰਤ ਵਾਲੀਆਂ ਕੇਸਕੀ ਹੀਣ ਅੰਮ੍ਰਿਤਧਾਰੀ ਬੀਬੀਆਂ ਨੂੰ ਸਟੇਜ ਤੇ ਲਿਆ ਕੇ ਇੰਜ ਹੌਸਲਾ ਅਫ਼ਜ਼ਾਈ ਕੀਤੀ ਜਾਵੇ ਕਿ ਉਹਨਾਂ ਦੀ ਅੰਤਰ ਆਤਮਾਂ ਆਪਣੇ ਆਪ ਹੀ ਮਜਬੂਰ ਹੋ ਜਾਵੇ ਕਿ ਉਹ ਨਿਆਰਾ ਵੇਸ ਬਣਾ ਗੁਰਮਤਵਾਦ ਨੂੰ ਚਾਰ ਚੰਦ ਲਾਉਣ। ਇਸ ਮਸਲੇ ਤੇ ਸਾਨੂੰ ਡੂੰਘਾਈ ਤੋਂ ਕੰਮ ਲੈਣਾ ਪਵੇਗਾ। ਕੀਰਤਨੀ ਬੀਬੀਆਂ ਨੂੰ ਕੇਸਕੀ ਦੀ ਮਹਤਤਾ ਸਮਝਾ, ਉਹਨਾਂ ਤੇ ਕਦੇ ਵੀ ਇਹ ਅਸਰ ਨਾ ਪਾਇਆ ਜਾਵੇ ਕਿ ਅਖੰਡ



www.AKJ.Org

ਕੀਰਤਨੀ ਜਥੇ ਦੇ ਸਿੰਘ ਉਸਨੂੰ ਦਿਲੋਂ ਨਫਰਤ ਕਰਦੇ ਨੇ। ਉਸ ਦੇ ਕੀਰਤਨ ਦੇ ਢੰਗ ਅਵਾਜ਼ ਤੇ ਗੁਰਮਤ ਦੀ ਖੋਜ ਦਾ ਪੂਰਾ ਪੂਰਾ ਸਤਿਕਾਰ ਕੀਤਾ ਜਾਵੇ ਮਗਰ ਯਤਨ ਇਹੋ ਹੀ ਹੋਵੇ ਜੇ ਇਹ ਦਿਲ ਬਹੁਤ ਦੇਰ ਨਾ ਰਵੇ।

ਇਸਦਾ ਮਤਲਬ ਇਹ ਨਹੀਂ ਕਿ ਰਹਿਤ ਹੀਣ ਬੀਬੀਆਂ ਜੋ ਫੈਸ਼ਨ ਪ੍ਰਸਤੀ ਦੇ ਵਹਿਣ 'ਚ ਰੁੜ ਗੁਰਮਤ ਫਿਲਾਸਫੀ ਦੀ ਸਾਦਗੀ ਗੁਆ ਚੁਕੀਆਂ ਹੋਣ, ਉਹਨਾਂ ਨੂੰ ਕੀਰਤਨ ਦੀ ਸਟੇਜ ਤੇ ਲਿਆ: ਗੁਰਮਤ ਹਠਿਆਰੇ ਮਾਨਯੋਗ ਬਜੁਰਗਾਂ ਦੀਆਂ ਕਰਨੀਆਂ ਤੇ ਅਮਿੱਟ ਧੱਬਾ ਲਾਇਆ ਜਾਏ। ਇੰਝ ਅਸੀਂ ਦਰਗਾਹ 'ਚ ਦੇਣਦਾਰ ਹੋਵਾਂਗੀ, ਕੀਰਤਨ ਆਪਣੇ ਆਪ 'ਚ ਹੀ ਪ੍ਰਚਾਰ ਏ। ਜੇ ਕੀਰਤਨ ਕਰਨਹਾਰੇ ਕੀਰਤਨ ਦਾ ਰੂਪ ਹੋਣਗੇ ਤਾਂ ਹੀ ਗੁਰਮਤਵਾਦ ਅੰਦਰ ਇਕ ਅਜਹੀ ਸਪਿਰਟ ਮਹਿਕੇਗੀ, ਜੋ ਦਮ ਬਦਮ ਨਾਮ ਜਪਣ ਦਾ ਸਰੂਰ ਜਿਹਾ ਪ੍ਰਦਾਨ ਕਰੇਗੀ। ਤੇ ਕੀਰਤਨ ਦਾ ਰੂਪ ਤਾ ਹੀ ਜਾਏਗਾ ਜੇ ਕੀਰਤਨ ਕਰਨਹਾਰਾ ਨਿਆਰੇ ਵੇਸ 'ਚ ਕੀਰਤਨ ਤੇ ਸ਼ਬਦ ਸੁਰਤ ਦਾਂ ਸੁਮੇਲ ਕਰ ਰਿਹਾ ਹੋਵੇਗਾ। ਅਜਿਹਾ ਤਾਂ ਹੀ ਹੋਵੇਗਾ ਜੇ ਕੀਰਤਨ ਕਰਨਹਾਰਾ ਕੀਰਤਨ ਨੂੰ ਨਾਮ ਜਪਣ ਦਾ ਉਜਿਆਰਾ ਪਖ ਸਮਝੇਗਾ।

ਤੇ ਕੀਰਤਨੀ ਬੀਬੀਆਂ ਇਸ ਵਿਚਾਰ ਤੋਂ ਲਾਂਭੇ ਨਹੀਂ ਰਹਿ ਸਕਦੀਆਂ। ਪਵਿਤਰਤਾ ਸਟੇਜ ਤੇ ਅਤੀ ਲੋੜੀਂਦੀ ਏ। ਜੇ ਕੀਰਤਨੀ ਬੀਬੀਆਂ ਸੁਹਲਵਾਦ ਤੇ ਸੁਹਜਵਾਦ ਭਰੇ ਨਿਆਰੇ ਵੇਸਾਂ ਨਾਲ ਕੀਰਤਨੀ ਸਟੇਜ ਤੇ ਆਂਦੀਆਂ ਰਹੀਆਂ ਤਾਂ ਵਾਸ਼ਨਾ ਜੋ ਹਉਮੈ ਨਾਲ ਮਿਲ ਨਾਮ ਜਪਣਹਾਰੇ ਨੂੰ ਹਰ ਵੇਲੇ ਲੁਟਣ ਲਈ ਤਾਕ ਰਹਿੰਦੀ ਏ, ਸਾਡੀਆਂ ਅੰਤੜੀਆਂ 'ਚ ਰੱਚ ਜਾਏਗੀ।

ਸਾਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਕੀਰਤਨ ਇਕ ਅਜੇਹਾ ਭੋਜਨ ਹੈ ਜੋ ਸਾਧ ਸੰਗਤਿ ਵਿਚ ਜਦ ਗੁਰਸਿਖ "ਜੁੜਦੇ" ਨੇ ਤਾਂ ਉਹ ਭੁੰਚਦੇ ਨੇ। ਤੇ ਸਾਧ ਸੰਗਤ ਜੇ ਕ੍ਰਿਪਾ ਕਰੇ ਤਾਂ ਹੀ ਇਹ ਭੋਜਨ ਮਿਲਦਾ ਏ। ਸਾਧ ਸੰਗਤ ਦਾ ਮੁਖ ਉਦੇਸ਼ ਨਾਮ ਤੇ ਨਾਮੀ ਗੁਰਸਿਖਾਂ ਦਾ ਸੁਮੇਲ ਏ ਤੇ ਜੇ ਨਾਮੀ ਗੁਰਸਿਖ ਆਪਣੇ ਸਤਿਗੁਰ ਅਗੇ ਲੋਟ ਪੋਟ ਨਾ ਹੋਣਗੇ, ਕੀਰਤਨ ਤੇ ਇਸਦਾ ਉਦੇਸ਼ ਇਕ ਲਾਂਭੇ ਰਹਿ ਜਾਵੇਗਾ। ਇਸ ਲਈ ਇਹ ਬਹੁਤ ਜ਼ਰੂਰੀ ਏ ਕਿ ਇਹ ਕਸਵਟੀ ਪਰਖੀ ਜਾਵੇ। ਅਸੀਂ ਵਾਰਨੇ ਜਾਂਦੇ ਹਾਂ ਉਹਨਾਂ ਗੁਰਸਿਖ ਵੀਰਾਂ ਤੋਂ ਜੋ ਦਿਨ ਰਾਤ ਨਾਮ ਕਮਾਵਣ 'ਚ ਲਗੇ ਹੋਏ ਨੇ। ਤੇ ਜਦ ਉਹ ਕੀਰਤਨੀ ਸਟੇਜ ਤੇ ਰਹਿਤ ਹੀਣ ਤੇ ਕੇਸਕੀ ਹੀਣ ਬੀਬੀਆਂ ਦਾ ਪਹਿਰਾ ਵੇਖਦੇ ਨੇ ਤਾਂ ਉਹਨਾਂ ਦੀ ਅਧ੍ਯਾਮਿਕ ਪੀੜ ਘਟਦੀ ਨਹੀਂ ਸਗੋਂ ਵਧਦੀ ਜਾਂਦੀ ਏ। ਤੇ ਸਾਨੂੰ ਅਜੇਹੇ ਗੁਰ ਸਿਖ ਵੀਰਾਂ ਦੀ ਸੁਰਤ ਵਲ ਖਿਆਲ ਕਰ ਕੀਰਤਨ ਸਟੇਜ ਤੇ ਘਟੋ ਘਟ ਇਸ ਕਸਵਟੀ ਨੂੰ ਮਹਿਫ਼ੂਜ਼ ਰਹਿਣਾ ਪਵੇਗਾ।

ਆਮ ਵਿਚਾਰ ਏ ਜੁ ਕੇਸਕੀ ਜਿਹੀ ਕਸਵਟੀ, ਕੀਰਤਨ ਜਾਂ ਕੀਰਤਨ ਕਰਨਹਾਰੇ ਦੀ ਅਨਮੋਲ ਦੁਨੀਆਂ ਸੀਮਤ ਕਰ ਦੇਵੇਗੀ, ਮਗਰ ਜੇ ਅਸੀਂ ਡੂੰਘਾਈ ਪਹਿਚਾਣੀਏ ਤਾਂ ਅਸੀਂ ਮਹਿਸੂਸ ਕਰਾਂਗੇ ਜੋ ਹਰ ਸਿਫਤ ਜਾਂ ਹਰ ਸਿਫਤ ਜਾਂ ਹਰ ਗੁਣ ਹਰ ਮਨੁਖ ਜਾਂ ਹਰ ਸ਼ਰਧਕ ਅਸ਼ਰਧਕ ਪਾਸ ਨਹੀਂ ਅਪੜ ਸਕਦਾ। ਤੇ ਅਜਿਹਾ ਨਿਰਾਲਮ ਪ੍ਰਕਾਸ਼ ਕੇਵਲ ਉਹਨਾਂ ਹੀ ਮਰਜੀਵੜਿਆਂ 'ਚ ਵਿਕਸਦ ਏ ਜੋ ਆਪਣੇ ਆਪ ਵਿਚ ਸੰਪੂਰਨ ਹੁੰਦੇ ਨੇ ਤੇ ਅਜੇਹੀਆਂ ਹਸਤੀਆਂ ਆਮ ਮਨੁਖੀ ਸੁਭਾਵਾਂ 'ਚ ਨਹੀਂ ਬਲਕਿ ਧੁਰ ਬਖਸ਼ਸ਼ ਨਾਲ ਹੀ ਪ੍ਰਾਪਤ ਹੁੰਦੀਆਂ ਨੇ।

ਕੀਰਤਨ ਦੀ Practical theory ਕਰਨੀ ਤੋਂ evolue ਹੁੰਦੀ ਏ। ਕੀਰਤਨ ਨਿਰੀ ਕਥਨੀ ਹੀ ਨਹੀਂ ਬਲਕਿ ਸੁਚੀ ਤੇ ਸਚੀ ਕਰਨੀ ਤੇ ਪੂਰੇ ਹੋਏ ਬਿਨਾਂ ਕੀਰਤਨੀ ਸਟੇਜ ਤੇ ਬਹਿਣਾ ਮਨਮਤ ਏ। ਕੀਰਤਨ ਕਰਨ ਲਈ ਕੀਰਤਨ ਯੋਗ ਹੋਣਾ ਪਵੇਗਾ। ਅਰਥਾਤ ਜਦ ਫੈਸ਼ਨ ਪ੍ਰਸਤ ਬੀਬੀ ਮਿਲਾਪ ਜਾਂ ਗੁਰਮਤ ਵੈਰਾਗ ਦਾ ਸ਼ਬਦ



www.AKJ.Org

ਅਲਾਪ ਰਹੀ ਹੋਵੇਗੀ ਤਾਂ ਉਸਦੀ ਅਵਾਜ਼ ਦਾ ਨਿਕਾਸ ਇਕ ਦਿਖਾਵਾ ਹੀ ਜਾਪੇਗਾ ਪਰ ਦਿਖਾਵਾ ਗੁਰਮਤ-ਫ਼ਿਲਾਸਫੀ ਵਿਚ ਇਤਨਾ ਘਟੀਆ ਆਖਿਆ ਗਿਆ ਏ ਕਿ ਸਤਿਗੁਰੂ ਦੇ ਹੁਕਮਾਂ ਅਨਕੂਲ ਸਾਰੇ ਰਹਿੰਦੇ ਖੂੰਹਦੇ ਗੁਣ ਦਿਖਾਵੇ ਨਾਲ ਅਲੋਪ ਹੋ ਜਾਣਗੇ। ਤੇ ਕੀਰਤਨ ਕਰਨਹਾਰੇ ਨੂੰ ਆਪਣੀ ਆਤਮਿਕ ਸਥਿਰਤਾ ਦੇ ਵਸ ਹੋ ਕੀਰਤਨ 'ਚ ਜ਼ਰੂਰ ਬਰ ਜ਼ਰੂਰ ਲੋਟ ਪੋਟ ਹੋਣਾ ਪਵੇਗਾ ਅਰਥਾਤ ਉਸਨੂੰ ਸਹਿਜ ਅਵਸਥਾ ਜਾਂ ਦਮ ਬਦਮ ਦਾ ਅਨੂਪਮ ਪਸਾਰਾ ਮਹਿਸੂਸ ਕਰਨਾਂ ਪਵੇਗਾ।

ਕੀਰਤਨ ਬਾਬਤ ਕੀ ਕੁਝ ਲਿਖੀਏ ਤੇ ਕੀ ਨਾ ਲਿਖੀਏ। ਕੀਰਤਨ ਮਨ ਨੂੰ ਪਵਿਤਰ ਕਰਦਾ ਏ ਤੇ ਸਰੀਰਕ ਪਵਿਤਰਤਾ ਅਰਥਾਤ ਰਹਿਤ ਬਹਿਤ ਦੀ ਸੰਪੂਰਨਤਾ ਕੀਰਤਨ ਕਰਨਹਾਰੇ ਲਈ ਲੋੜੀਦੀ ਏ। ਕੀਰਤਨ ਕੋਈ ਖੇਡ ਨਹੀਂ ਮਖੌਲ ਨਹੀਂ। ਪਰ ਇਹ ਇਕ ਜ਼ਿੰਦਗੀ ਦਾ ਅਜੇਹਾ ਸੋਮਾ ਏ ਜੋ ਨਿਤ ਦਿਹਾੜੇ ਸਚੱਜਤਾ ਤੇ ਆਪਸੀ ਕੁਰਬਾਨੀ ਦੁਆਰਾ ਵਹਿੰਦਾ ਏ। ਪਰ ਰਹਿਤ ਹੀਣ ਬੀਬੀ, ਇਸ ਸਭ ਕਾਸੇ ਤੋਂ ਕੋਰੀ ਹੋਵੇਗੀ। ਤੇ ਫ਼ਿਰ ਉਸਨੂੰ ਕੀਰਤਨ ਦੀ ਸਟੇਜ ਤੇ ਲਿਆਣਾ ਮਨਮਤ ਨਹੀਂ ਤਾਂ ਹੋਰ ਕੀ। ਹਾਂ ਅਸੀਂ ਇਹ ਜ਼ਰੂਰ ਮਹਿਸੂਸ ਕਰਾਂਗੇ ਕਿ ਕੀਰਤਨ 'ਚ ਸਾਧ ਸੰਗਤਿ ਦਾ ਉਚਾ ਦਰਜਾ ਹੁੰਦਾ ਏ। ਪਰ ਢਿਲੜ ਤੇ ਰਹਿਣਹੀਣ ਪੁਰਸ਼ਾਂ ਨੂੰ ਸਟੇਜ ਖਰਾਬ ਕਰਨ ਦਾ ਕੋਈ ਅਧਿਕਾਰ ਨਹੀਂ। ਜੇ ਸਟੇਜ ਖਰਾਬ ਕਰਨ ਵਿਚ ਢਿਲੜ ਪੁਰਸ਼ ਜ਼ਿਮੇਵਾਰ ਹੋਣ, ਤਾਂ ਸਾਧ ਸੰਗਤਿ ਨੂੰ ਗੁਰਮਤ ਕਸਵਟੀ ਪਰਖ, ਇਹੋ ਜਿਹੀ ਹਾਲਤ ਦਾ ਸਫ਼ਲਤਾ ਪੂਰਵਕ ਨਿਰਣਾ ਹੋਣਾ ਚਾਹੀਦਾ ਏ ਇਸ ਲਈ ਇਹ ਅਤਿਅੰਤ ਜ਼ਰੂਰੀ ਏ ਕਿ ਭਗਤਿ ਕਰਨਵਾਲੇ ਮਰੀਜੀਵੜੇ ਗੁਰਮਤ ਅਸੂਲ, ਸਚਾਈਆਂ ਤੇ ਗੁਰਮਤ ਫਿਲਾਸਫੀ ਨੂੰ ਸਮਝਣਾ।

ਕੀਰਤਨ ਭਾਈ ਸਾਹਿਬ ਦੇ ਲਫਜ਼ਾਂ ਅਨਕੂਲ ਇਕ ਅਜੇਹੀ ਯਾਰੜੇ ਦੀ ਪਿਰਹੜੀ ਏ, ਜੋ ਜਦ ਅਸੀਂ ਕੀਰਤਨ ਕਰ ਰਹੇ ਹੁੰਦੇ ਹਾਂ ਤਾਂ ਇਕ ਕਿਸਮ ਨਾਲ ਯਾਰ ਨੇ ਸਾਨੂੰ ਜਫੀ ਪਾਈ ਹੁੰਦੀ ਏ। ਤੇ ਨਾਂ ਸਾਡਾ ਯਾਰ ਸਾਨੂੰ ਜਫੀ ਚੋਂ ਕਢੇ ਤੇ ਨਾ ਹੀ ਅਸੀਂ ਜਫੀ ਛਡੀਏ। ਇਹ ਹਾਲਤ ਹੁੰਦੀ ਏ ਕੀਰਤਨ ਕਰਨਹਾਰੇ ਦੀ ਕੀਰਤਨ 'ਚ ਲੋਟ ਪੋਟ ਹੋਏ ਬਿਨਾਂ ਕੀਰਤਨ ਦਾ ਪ੍ਰਮੁਖ ਆਸ਼ਾ ਪੂਰਾ ਨਹੀਂ ਹੁੰਦਾ। ਇਸ ਲਈ ਤਾਂ ਅਤਿਅੰਤ ਜ਼ਰੂਰੀ ਹੋਇਆ ਜੋ ਕੀਰਤਨ ਕਰਨਹਾਰਾ ਜਾਂ ਕੀਰਤਨ ਕਰਨਹਾਰੀ ਬੀਬੀ ਰਹਿਤ ਬਹਿਤ ਵਿਚ ਇਤਨੀ ਸਿਰੜ ਹੋਵੇ ਜੋ ਉਹ ਆਪਣੇ ਆਪ ਹੀ 'ਲਾਜ ਲੋਕਾਨੀ' ਛਡੇ।

'ਕੇਸਕੀ ਸ਼ਾਇਦ ਇਸੇ ਕਰਕੇ ਹੀ ਨਹੀਂ ਸਜਾਈ ਜਾਂਦੀ ਜੋ ਲੋਕਾਚਾਰੀ ਇੰਝ ਖੁਸ਼ ਨਹੀਂ ਹੋਵੇਗੀ। ਪਖੰਡੀ ਤੇ ਅਪਰਾਧੀ ਮਨਮੁਖ ਅਜੇਹੀ ਬੀਬੀ ਜਾਂ ਰਹਿਤ 'ਚ ਸੰਪੂਰਨ ਮਰੀਜਵੜੇ ਨੂੰ ਅਖੀਂ ਦੇਖ ਨਾ ਸੁਖਾਣਗੇ। ਉਹ ਨਿੰਦਾ ਦੀ ਝਲ ਉਗਾਲਣਗੇ। ਤੇ ਇਸਦਾ ਮਤਲਬ ਇਹ ਨਹੀਂ ਜੇ ਬੀਬੀ 'ਲਾਜ ਲੋਕਾਨੀ' ਪਿਛੇ ਆਪਣਾ ਨਿਆਰਾ ਵੇਸ ਛਡੇ। ਸਾਡੇ ਢਿਲੜ ਗੁਰਸਿਖ ਵੀਰਾਂ ਨੂੰ ਅਤਿਅੰਤ ਸਾਵਧਾਨ ਹੋਣਾ ਪਵੇਗਾ। ਤੇ ਇਸ ਕਾਰਨ ਕੀਰਤਨ ਹਠਿਆਰੇ ਇਸ ਸਬੰਧੀ ਜੇਕਰ ਕੀਰਤਨੀ ਸਟੇਜ ਤੇ ਕਰੜਾਈ ਰਖਣ ਤਾਂ ਇਹ ਕੋਈ ਅਨਹੋਨੀ ਗਲ ਨਹੀਂ।

ਜੇ ਅਸੀਂ ਇਸ ਵਿਚਾਰ ਤੇ ਅਧਾਰਿਤ ਹਾਂ ਜੋ ਕੀਰਤਨੀ ਸਿੰਘ ਨਿਆਰੇ ਵੇਸ 'ਚ ਕੀਰਤਨੀ ਸਟੇਜ ਤੇ ਆ ਆਪਣਾ ਹਿਰਦਾ ਨਾਮ ਖੁਮਾਰੀ 'ਚ ਲੋਟ ਪੋਟ ਕਰੇ ਤਾਂ ਇਹ ਅਤਿਅੰਤ ਜ਼ਰੂਰੀ ਏ ਜੁ ਗੁਰਸਿਖ ਬੀਬੀ ਪੂਰੀ ਰਹਿਤ ਬਹਿਤ 'ਚ ਵਿਖਾਵੇ ਹੀਣ ਹੋ, ਆਪਣੀ ਮਾਨਸਿਕ ਸਥਿਰਤਾ, ਗੁਰਮਤ 'ਚ ਨਾਮ ਖੁਮਾਰੀ 'ਚ ਭਿੱਜ ਗ਼ਲਤਾਣ ਕਰੇ।

ਸੋ ਸਾਨੂੰ ਇਹ ਚੰਗੀ ਤਰ੍ਹਾਂ ਵਿਚਾਰ ਲੈਣਾ ਚਾਹੀਦਾ ਏ ਕਿ ਕੀਰਤਨ ਇਕ ਅਜੇਹੀ ਉਚੀ ਤੇ ਸੁਚੀ ਆਤਿਮਕ ਸਥਿਰਤਾ ਏ ਜੋ ਸਾਧਾਰਣ



www.AKJ.Org

ਬੁਧੀ ਉਸਦੀ ਡੂੰਘਾਈਆਂ ਦਾ ਅੰਤ ਨਹੀਂ ਪਾ ਸਕਦੀ ਤੇ ਇਸ ਅਖਾੜੇ ਤਕ ਅਪੜਣ ਲਈ ਆਪਣੇ ਮਨ ਮੈਗਲ ਨੂੰ ਲਾਜ ਲੋਕਾਨੀ ਤੋਂ ਹਰਦਮ ਬਚਾਣਾ ਜ਼ਰੂਰੀ ਏ। ਇਹ ਜ਼ਰੂਰੀ ਨਹੀਂ ਕਿ ਨਿਆਰਾ ਵੇਸ ਛਡ ਅਸੀਂ ਹੋਰਨਾ ਗਲਤੀਆਂ ਸ਼ਿਕਵਿਆਂ ਜਾਂ ਭੁਲਾਂ ਦਾ ਸ਼ਿਕਾਰ ਹੋ ਜਾਈਏ। ਇਹ ਠੀਕ ਏ ਕਿ ਸਾਰਿਆਂ ਦੀ ਰਾਏ ਅਡੋ ਅਡਰੀ ਹੀ ਹੁੰਦੀ ਏ। ਜੇ ਅਸੀਂ ਗੁਰਮਤ ਅਨੁਸਾਰ ਮੰਨਦੇ ਹਾਂ ਕਿ ਕੀਰਤਨ ਕਰਨਹਾਰਾ ਸਿੰਘ ਜਾਂ ਬੀਬੀ ਰਹਿਣੀ 'ਚ ਸੰਪੂਰਨ ਹੋਵੇ ਤਾਂ ਸਾਨੂੰ ਆਪਣੀ ਮਨਦੀ ਮੱਤ ਜਾਂ ਹੋਰ ਲੋਕਾਚਾਰੀ ਦੀ ਗੱਲ ਜ਼ਰੂਰ ਬਰ ਜ਼ਰੂਰ ਛਡਣੀ ਹੋਵੇਗੀ।

ਮਗਰ ਇਸਦਾ ਸਿੱਟਾ ਇਹ ਨਹੀਂ ਨਿਕਲਣਾ ਚਾਹੀਦਾ ਕਿ ਸਾਡੇ ਅੰਦਰ ਸ਼ਬਦ ਸੁਰਤ ਦੇ ਪ੍ਰਕਾਸ਼ ਦੀ ਥਾਂ ਕਿਸੇ ਹੋਰ ਬਾਬਤ ਨਫਰਤ ਦੀਆਂ ਚੰਗਿਆੜੀਆਂ ਫੁਟਣ। ਗੁਰਮਤ ਦਾ ਪਹਿਰਾ ਉਥੋਂ ਤਕ ਏ ਜਿਥੋਂ ਤਕ ਆਪਣੀ ਗੁਰਸਿਖਾਂ 'ਚ ਪ੍ਰੇਮ ਪਿਆਰ ਤੇ ਵੈਰਾਗ ਦੀ ਭਾਵਨਾ ਬਣੀ ਰਵੇ। ਕਿਸੇ ਵੀ ਮਾਮੂਲੀ ਗਲ ਤੇ ਜਾਂ ਕਿਸੇ ਵੀ ਮਾਮੂਲੀ ਗਲ ਤੇ ਸਾਨੂੰ ਜਾਂ ਕਿਸੇ ਅਸੂਲੀ ਤੇ ਸਾਨੂੰ ਇੰਞ ਕਦੇ ਵੀ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਬਾਕੀਆਂ ਨਾਲ ਜ਼ਿਆਦਾ ਭਗਤ ਜਾਂ ਗਿਆਨੀ ਹਾਂ ਕਿਉਂਕਿ ਗੁਰੂ ਸਾਹਿਬ ਦਾ ਹੁਕਮ ਏ:—

ਜਉ ਜਾਨੈ ਹਉ ਭਗਤੁ ਗਿਆਨੀ
ਆਗੈ ਠਾਕੁਰਿ ਤਿਲੁ ਨਹੀ ਮਾਨੀ ॥
ਜਉ ਜਾਨੈ ਮੈ ਕਥਨੀ ਕਰਤਾ ॥
ਬਿਆਪਾਰੀ ਬਸੁਧਾ ਜਿਉ ਫਿਰਤਾ ॥
ਸਾਧ ਸੰਗਿ ਜਿਹ ਹਉਮੈ ਮਾਰੀ ॥
ਨਾਨਕ ਤਾ ਕਉ ਮਿਲੇ ਮੁਰਾਰੀ ॥

ਸਾਨੂੰ ਸਾਧ ਸੰਗਤਿ 'ਚ ਹਉਮੈ ਮਾਰਨੀ ਪਵੇਗੀ, ਮਨ ਮੈਗਲ ਨੂੰ ਜਿੱਤਣਾ ਪਵੇਗਾ ਤੇ ਇਹ ਇਉਂ ਹੀ ਹੋਵੇਗਾ ਜੇ ਕਰ ਅਸੀਂ ਗੁਰਮਤ ਰਤੜੇ ਮਰਜੀਵੜਿਆਂ ਸਿੰਘਾਂ ਤੇ ਬੀਬੀਆਂ ਦੇ ਸਾਧ ਸੰਗਤਿ 'ਚ ਜਾ ਦਰਸ਼ਨ ਕਰਾਂਗੇ। ਪਰ ਜੇ ਕਰ ਸਾਡਾ ਆਪਾ ਨਫਰਤ ਦਾ ਪ੍ਰਤੀਕ ਰੂਪ ਵਿਚਰਿਆ ਤਾਂ ਸਾਡੇ ਅੰਦਰ ਇਕ ਅਜੇਹੀ ਹਉਮੈ ਦੀ ਚੰਗਿਆੜੀ ਉਪਜੇਗੀ ਜੋ ਸਾਡੀ ਆਤਮਿਕ ਸਥਿਰਤਾ ਖਰਾਬ ਕਰ ਸਾਨੂੰ ਉਹਨਾਂ ਭੰਭਲ-ਭੂਸਿਆਂ 'ਚ ਡੇਗ ਦੇਵੇਗੀ ਜੋ ਨਾਮ ਕਮਾਈਆ ਤੋਂ ਸਦਾ ਦੂਰ ਰਹਿੰਦੇ ਨੇ। ਸਾਧ ਸੰਗਤਿ ਗੁਰਸਿਖ ਦਾ ਅਮਰ ਰਿਸ਼ਤਾ ਏ ਤੇ ਸਾਧ ਸੰਗਤਿ ਦੀ ਟੇਕ ਹਰੇਕ ਗੁਰਸਿਖ ਦੇ ਦਿਲ ਦਿਮਾਗ ਦੀ ਸਧਰ ਹੋਣੀ ਚਾਹੀਦੀ ਏ।

ਸੋ ਨਤੀਜੇ ਵਜੋਂ ਸਾਧ ਸੰਗਤਿ ਕਸਵਟੀ ਦਾ ਮੁਜਸਮਾ ਜੇ ਹੋਵੇਗੀ ਤਾਂ ਗੁਰਮਤ ਵਾਦ ਹਮੇਸ਼ਾ ਰੁਸਨਾਈ ਬਣ ਮਹਿਕੇਗਾ। ਦਿਲੜ ਵੀਰ ਜਾਂ ਦਿਲੜ ਬੀਬੀਆਂ, ਚੰਗਾ ਏ ਜੇ ਕਰ ਕੀਰਤਨੀ ਸਟੇਜ ਤੇ ਆਉਣ ਤੋਂ ਪਹਿਲਾਂ ਆਪਣੇ ਆਪ ਨੂੰ ਕੁੰਦਨ ਕਰ ਲੈਣ। ਤੇ ਸਰੀਰ ਰੂਪੀ ਭਾਂਡੇ ਨੂੰ ਚੰਗੀ ਤਰ੍ਹਾਂ ਮਾਂਜ ਸੁਆਰ ਲੈਣ ਅਤੇ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇਸਕੀ ਸਜਾ ਸਟੇਜ ਤੇ ਆਉਣ। ਪਰ ਨਾਲ ਹੀ ਸਾਨੂੰ ਕੇਸਕੀ ਹੀਣ ਅੰਮ੍ਰਿਤਧਾਰੀ ਉਚੀ ਸੁਰਤ ਵਾਲੀਆਂ ਬੀਬੀਆਂ ਨੂੰ ਪੂਰਾ ਸਤਿਕਾਰ ਕਰਨਾ ਹੋਵੇਗਾ ਜੋ ਉਹ ਆਪਣੇ ਆਪ ਹੀ ਇਸ ਕਸਵਟੀ ਤੇ ਕਿਸੇ ਵੀ ਜ਼ਿੰਦਗੀ ਦੀ ਮੰਜ਼ਲ ਤੇ ਪੂਰੇ ਉਤਰਨ।



www.AKJ.Org

ਸਿੱਖ-ਇਤਿਹਾਸਕ ਵਿਚਾਰ ਲੜੀ ਨ: ੬

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

(ਇਕ ਇਤਿਹਾਸਕ ਖੋਜੀ ਦੀ ਕਲਮ ਤੋਂ)

ਸਿੱਖ ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਮੂਲੇ ਨਾਲ ਵਚਨ ਕੀਤਾ ਕਿ ਤੇਰੀ ਮੁਕਤੀ ਅਸੀਂ ਦਸਵੇਂ ਜਾਮੇਂ ਵਿਚ ਕਰਾਂਗੇ। ਗੁਰੂ ਨਾਨਕ ਦੇਵ ਜੀ ਦਾ ਦਸਵਾਂ ਜਾਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ। ਜਦੋਂ ਆਪ ਸਾਰਾ ਸਰਬੰਸ ਵਾਰ ਕੇ ਦਖਣ ਨਦੇੜ ਚਲ ਰਲੇ ਗਏ ਤਾਂ ਇਕ ਦਿਨ ਆਪ ਸਾਥੀ ਸਿਘਾਂ ਸਮੇਤ ਸ਼ਿਕਾਰ ਲਈ ਜੰਗਲ ਵਲ ਨਿਕਲੇ। ਜਿਉਂ ਹੀ ਇਕ ਸਹਿਆ ਝਾੜੀ ਵਿਚੋਂ ਨਿਕਲਿਆ, ਗੁਰੂ ਜੀ ਨੇ ਆਪਣੇ ਤੀਰ ਨਾਲ ਉਸ ਨੂੰ ਮਾਰ ਦਿਤਾ। ਜਦੋਂ ਸਿੰਘਾਂ ਨੇ ਪੁਛਿਆ ਕਿ ਇਸ ਨਿਰਦੋਸ਼ ਤੇ ਭੋਲੇ ਸਹੇ ਨੂੰ ਕਿਉਂ ਮਾਰਿਆ ਗਿਆ ਹੈ ਤਾਂ ਗੁਰੂ ਸਾਹਿਬ ਨੇ ਉਤਰ ਦਿਤਾ ਕਿ ਅਸਾਂ ਤੀਰ ਨਾਲ ਇਸ ਦਾ ਸ਼ਿਕਾਰ ਨਹੀਂ ਕੀਤਾ, ਸਗੋਂ ਤੀਰ ਨਾਲ ਮੁਕਤ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਚਨ ਪੂਰਾ ਕੀਤਾ ਹੈ, ਜੋ ਉਨ੍ਹਾਂ ਭਾਈ ਮੂਲੇ ਨਾਲ ਕੀਤਾ ਸੀ। ਭਾਈ ਮੂਲਾ ਕਈ ਜਨਮਾਂ ਵਿਚ ਦੀ ਲੰਘਦਾ ਸਹੇ ਦੀ ਜੂਨ ਪੈ ਗਿਆ ਹੈ ਤੇ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਦਸਵੇਂ ਜਾਮੇਂ ਵਿਚ ਹੋਣ ਕਰਕੇ ਆਪਣੇ ਤੀਰ ਨਾਲ ਇਸ ਨੂੰ ਮੁਕਤ ਕੀਤਾ ਹੈ। ਸਿੱਖ-ਇਤਿਹਾਸ ਅਨੁਸਾਰ ਉਸੇ ਵਲੇ ਸਹੇ ਦੀ ਥਾਂ ਭਾਈ ਮੂਲਾ ਹੱਥ ਜੋੜੀ ਪ੍ਰਗਟ ਹੋ ਗਿਆ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਤੇ ਨਮਸਕਾਰ ਕਰਕੇ ਅਲੋਪ ਹੋ ਗਿਆ। ਭਾਵੇਂ ਇਹ ਕੌਤਕ ਸ੍ਰੀ ਦਸਮੇਸ਼ ਜੀ ਨੇ ਸਿੰਘਾਂ ਦੀ ਤਸੱਲੀ ਕਰਾਉਣ ਲਈ ਵਰਤਾਇਆ ਸੀ। ਪਰ ਵਿਚਾਰਨਜੋਗ ਗਲ ਇਹ ਹੈ ਕਿ ਜੇ ਸ੍ਰੀ ਦਸਮੇਸ਼ ਪਿਤਾ ਜੀ ਦੇ ਤੀਰ ਸਹੇ ਨੂੰ ਮਾਰ ਕੇ ਮੁਕਤ ਕਰ ਸਕਦੇ ਹਨ ਤੇ ਗੁਰੂ ਨਾਨਕ ਦੇਵ ਜੀ ਦੇ ਕਹੇ ਬਚਨਾਂ ਨੂੰ ਪੂਰਾ ਕਰ ਸਕਦੇ ਹਨ ਤਾਂ ਕੀ ਉਸੇ ਗੁਰਦੇਵ ਜੀ ਦਾ ਖੰਡਾ ਪੰਜ ਸਿਖਾਂ ਦੇ ਸੀਸ ਨੂੰ ਝਟਕਾਕੇ ਨਵ-ਜਨਮ ਨਹੀਂ ਬਖਸ਼ ਸਕਦਾ। ਜਦੋਂ ਕਿ ੧੬੯੯ਦੀ ਵਿਸਾਖੀ ਨੂੰ ਸਟੇਜ ਤੇ ਖੜੇ ਹੋ ਕੇ ਸ੍ਰੀ ਦਸਮੇਸ਼ ਜੀ ਨੇ ਪੰਜ ਸਿਖਾਂ ਦਾ ਸੀਸ ਮੰਗਿਆ।

ਸੱਚੀ ਗਲ ਤਾਂ ਇਹ ਹੈ ਕਿ ਗੁਰੂ ਦਸਮੇਸ਼ ਜੀ ਨੇ ਆਪਣੇ ਤੀਰਾਂ ਨਾਲ ਜਾਂ ਸ੍ਰੀ ਸਾਹਿਬ ਨਾਲ ਕਿਸੇ ਐਵੇਂ ਮਾਰਿਆ ਹੈ ਹੀ ਨਹੀਂ, ਸਗੋਂ ਸਭ ਮੁਕਤ ਹੀ ਕੀਤੇ ਹਨ। ਅਜਿਹੀ ਕਲਾ ਹੀ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਨੇ ਭਾਈ ਪੈਂਦੇ ਨਾਲ ਵਰਤਾਕੇ ਉਸ ਨੂੰ ਆਪਣੇ ਖੰਡੇ ਨਾਲ ਮੁਕਤ ਕੀਤਾ। ਗੁਰੂ ਸਾਹਿਬ ਦਾ ਖੰਡਾ ਸਭ ਨੂੰ ਮੁਕਤ ਕਰਨ ਦੀ ਸਮਰਥਾ ਰਖਦਾ ਹੈ। ਗੁਰੂ ਸਾਹਿਬ ਨੇ ਫੁਰਮਾਇਆ ਹੈ:—

"ਦੇਗ ਤੇਗ਼ ਜਗ ਮਹਿ ਦੋਊ ਚਲੇ॥"

ਜਿਥੇ ਗੁਰੂ ਸਾਹਿਬ ਦੀ ਦੇਗ (ਲੰਗਰ) ਸੰਸਾਰਕ ਲੋਕਾਂ ਦੀ ਭੁੱਖ ਮਿਟਾਉਂਦੀ ਹੈ, ਉਥੇ ਗੁਰੂ ਜੀ ਦੀ ਤੇਗ (ਖੰਡਾ) ਸੰਸਾਰਕ ਜੀਵਾਂ ਨੂੰ ਮੁਕਤ ਕਰਨ ਦੀ ਸਮਰਥਾ ਰਖਦੀ ਹੈ। ਇਹ ਤਾਂ ਪਿਆਰੇ ਤੇ ਦਿਆਲੂ ਸਤਿਗੁਰੂ ਦਾ ਚੋਜ ਹੈ। ਜਿਥੇ ਉਹ ਦੇਗ ਵਰਤਾਕੇ ਸਾਡੀ ਭੁਖ ਦਾ ਦੁਖ ਦੂਰ ਕਰਦ ਹਨ, ਉਥੇ ਨਾਲ ਖੰਡੇ ਦੀ ਧਾਰ ਵਿਚੋਂ ਚੁਰਾਸੀ ਵਿਚ ਪਏ ਜੀਵਾਂ ਨੂੰ ਲੰਘਾ ਕੇ ਜਨਮ ਮਰਨ ਦਾ ਦੁਖ ਦੂਰ ਕਰਦੇ ਹਨ। ਇਹ ਵਡਿਤਣ ਕੇਵਲ ਗੁਰੂ ਘਰ ਵਿਚ ਹੈਕਿ ਗੁਰਦੇਵ ਜੀ ਦੀ ਦੇਗ ਤੇਗ ਸਾਡਾ ਲੋਕ-ਪ੍ਰਲੋਕ ਸਵਾਰਨਹਾਰ ਹੈ।

(ਚਲਦਾ)



www.AKJ.Org

# ਐਡੀਟਰ ਦੀ ਡਾਕ

ਭਾਈ ਜਗਦੀਸ਼ ਸਿੰਘ ਸਕੱਤਰ, ਗੁਰਦਵਾਰਾ ਸਿੰਘ ਸਭਾ ਖੰਬਾਤ ਡਾਕ ਘਰ ਕਨਸਾਰੀ ਬਰਾਸਤਾ ਅਨੰਦ (ਗੁਜਰਾਤ)

ਸਤਿਕਾਰ ਯੋਗ ਐਡੀਟਰ ਸਾਹਿਬ ਜੀ,
ਸਤਿ ਸ੍ਰੀ ਅਕਾਲ।

ਅੱਗਸਤ 68 ਦੇ 'ਸੂਰਾ' ਅੰਕ ਵਿੱਚ ਤੁਸਾਂ ਦਾ ਸੰਪਾਦਕੀ ਲੇਖ 'ਕਸੂਰ ਕਿਸ ਦਾ' ਪੜ੍ਹ ਕੇ ਦਾਸ ਨੂੰ ਧੰਨਵਾਦ ਦਿਤੇ ਬਗੈਰ ਨਹੀਂ ਰਹਿ ਸਕਦਾ। ਇਸ ਦਾ ਕਾਰਣ ਇਹ ਹੈ ਕੀ ਜਿਸ ਸਬਜੇਕਟ ਨੂੰ ਤੁਸੀਂ ਛਹਿਆ ਹੈ ਦਾਸ ਉਸ ਨੂੰ ਲਿਖਣ ਲਈ ਮਈ 68 ਤੋਂ ਕਈ ਵਾਰੀ ਉਪਰਾਲਾ ਕਰ ਚੁਕਾ ਹੈ ਪਰੰਤੂ ਸੁਸਤੀ ਕਾਰਣ ਕੁਝ ਲਿਖ ਨਹੀਂ ਸਕਿਆ ਜਦ ਤੁਸਾਂ ਦਾ ਉਪਰ ਲਿਖਿਆ ਸੰਪਾਦਕੀ ਲੇਖ ਪੜ੍ਹਿਆ ਦਿਲ ਬਾਗ ੨ ਹੋ ਗਿਆ ਤੇ ਆਪ ਜੀ ਦਾ ਅਤੀ ਰਿਣੀ ਹੋ ਗਿਆ ਕਿਉਂਕਿ ਤੁਸੀਂ ਦਾਸ ਦੇ ਦਿਲ ਦੀ ਗਲ ਕਲਮ ਬੰਦ ਕਰ ਦਿਤੀ ਹੈ।

ਅੱਜ ਤੋਂ ਪਹਿਲਾਂ ਭੀ ਦਾਸ ਦੀ ਕਈ ਮਹਾਂ ਪੁਰਸ਼ਾਂ ਨਾਲ ਅੰਮ੍ਰਿਤ ਸੰਚਾਰ ਬਾਰੇ ਵਿਚਾਰ ਵਟਾਂਦਰੇ ਹੋਇਆ ਜਿਨ੍ਹਾਂ ਨੂੰ ਅਸੀਂ ਧਰਮ ਦਾ ਥਮ ਖਿਆਲ ਕਰਦੇ ਹਾਂ। ਉਨ੍ਹਾਂ ਭੀ ਅੰਮ੍ਰਿਤ ਦੀ ਖ਼ਾਸ ਮਹਾਨਤਾ ਨਹੀਂ ਦਰਸਾਈ। ਉਨ੍ਹਾਂ ਭੀ ਇਨ੍ਹਾਂ ਲਫਜ਼ਾਂ ਨਾਲ ਹੀ ਅੰਮ੍ਰਿਤ ਬਾਰੇ ਦਸਿਆ ਹੈ "ਪੰਜ ਸਿਘ ਪੰਜਾਂ ਬਾਣੀਆਂ ਦਾ ਪਾਠ ਕਰਦੇ ਹੋਏ ਪਾਨੀ ਵਿੱਚ ਪਤਾਸੇ ਰਲਾਉਂਦੇ ਹਨ ਜਦ ਪਤਾਲ ਘੁਲ ਜਾਂਦੇ ਹਨ ਤਦ ਮਿਠਾ ਪਾਣੀ ਕੁਝ ਅੱਖਾਂ ਵਿੱਚ ਅਤੇ ਕੁਝ ਕੁ ਘੁਟ ਪਲਾ ਦਿੰਦੇ ਹਨ। ਇਸ ਤੋਂ ਬਾਦ ਦੇਸੀ ਘੀ ਦੀ ਦੇਗ ਪੇਟ ਭਰਕੇ ਖਾਣ ਲਈ ਸਾਂਝ ਬਾਟੇ ਵਿਚ ਦਿਤੀ ਜਾਂਦੀ ਹੈ। ਕਛਹਿਰਾ ਅਤੇ ਕ੍ਰਿਪਾਨ ਅੰਮ੍ਰਿਤ ਸੰਚਾਰ ਦੇ ਸਮੇਂ ਹੀ ਜ਼ਰੂਰੀ ਹੁੰਦੇ ਹਨ।' ਜਦ ਦਾਸ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਦ ਉਹੀ ਕੁਝ ਦੇਖਿਆ ਜੋ ਪਹਿਲਾਂ ਸੁਣਿਆ ਕਰਦਾ ਸਾਂ। ਦਾਸ ਦੇ ਨਾਲ ਤਕਰੀਬਨ ਪੰਜੀ ਸਿੰਘਾਂ ਅਤੇ ਸਿੰਘਣੀਆਂ ਨੇ ਭੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਜਿਨ੍ਹਾਂ ਵਿਚੋਂ ਪੰਜ ਛੇ ਸਿੰਘ ਅਜੇ ਸਨ ਜੋ ਕਾਕਾਰਾਂ ਵਿੱਚ ਭੀ ਪੂਰੇ ਨਹੀਂ ਸਨ। ਪਰ ਉਨ੍ਹਾਂ ਨੂੰ ਭੀ ਅੰਮ੍ਰਿਤ ਦੀ ਦਾਤ ਪੰਚ ਪ੍ਰਵਾਨ, ਪੰਜ ਪਿਆਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬਖਸ਼ੀ।

ਮੈਂ ਮਈ 68 ਵਿੱਚ ਜਦ ਪੰਜ ਸਾਲਾ ਬਾਦ ਪੰਜਾਬ ਛੁਟੀ ਆਇਆ ਸੀ ਤਦ ਪੰਜਾਬ ਵਿੱਚ ਸਿੰਘਾਂ ਦੀ ਹਾਲਤ ਵਖ ਕੇ ਹੈਰਾਣ ਰਹਿ ਗਿਆ। ਜਿਵੇਂ ਤੁਸਾਂ ਆਪਨੇ ਲੇਖ ਵਿਚ ਲਿਖਿਆ ਤੇ ਉਸ ਤਰ੍ਹਾਂ ਮਹਿਸੂਸ ਕੀਤਾ ਇਹ ਭੀ ਵਿਚਾਰ ਆਇਆ ਕੀ ਇਹ ਉਹੀ ਪੰਜਾਬ ਹੈ ਜਿਸ ਵਿਚ ਦਸਾਂ ਗੁਰੂਆਂ ਨੇ ਭਾਗ ਲਾਏ ਸਨ। ਇਸ ਧਰਤੀ ਤੇ ਸਿੰਘਾਂ ਦੀ ਸਥਾਪਨਾ ਕੀਤੀ ਸੀ। ਜਿਥੇ ਸਿੰਘ ਕਸਾਂ ਸੁਵਾਸਾਂ ਨਾਲ ਆਪਨਾ ਜੀਵਨ ਬੀਤਾਨਾ ਫੱਖਰ ਸਮਝਦੇ ਸਨ ਕੀ ਅਜ ਉਸ ਧਰਤੀ ਵਿਚ ਵਿਰਲਾ ਹੀ ਪੂਰਣ ਸਿੰਘ ਦਿਖਾਈ ਦਿੰਦਾ ਹੈ। ਅਗਰ ਇਹੀ ਰਫ਼ਤਾਰ ਰਹੀ ਤਾਂ ਡਰ ਹੈ ਪੰਜਾਬ ਵਿਚੋਂ ਸਿਖੀ ਇਸ ਤਰ੍ਹਾਂ ਪਰ ਲਾਕੇ ਉੜ ਜਾਵੇਗੀ ਜਿਵੇਂ ਹਿੰਦੁਸਤਾਨ ਵਿਚੋਂ ਬੁਧ ਧਰਮ ਨੇ ਜਨਮ ਲੈ ਕੇ ਦੂਸਰੇ ਦੇਸਾਂ ਨੂੰ ਰੋਸ਼ਨੀ ਦਿਤੀ ਪਰ



www.AKJ.Org

ਖੁਦ ਹਿੰਦੁਸਤਾਨ ਵਿਚੋਂ ਇਸ ਤਰ੍ਹਾਂ ਗੈਬ ਹੋਇਆ ਜਿਵੇਂ ਗਧੇ ਦੇ ਸਿਰ ਤੋਂ ਸਿੰਗ।

ਦਸਮੇਸ਼ ਪਿਤਾ ਜੀ ਦੇ ਹੁਕਮ ਅਨੁਸਾਰ ਸਿਖਾਂ ਲਈ ਰਹਿਤ ਵਿਚ ਰਹਿਨਾ ਅਤਿ ਜ਼ਰੂਰੀ ਹੈ ਕਿਉਂਕਿ!

'ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।'

ਯਥਾ–'ਰਹਿਣੀ ਰਹੈ ਸੋਈ ਸਿਖ ਮੇਰਾ।
ਓਹ ਸਾਹਿਬ ਮੈ ਉਸਕਾ ਚੇਰਾ।

ਯਥਾ– ਕੁਠਾ ਹੁੱਕਾ ਚਰਸ ਤਮਾਕੂ॥
ਗਾਂਜਾਂ ਟੋਪੀ ਤਾੜੀ ਖਾਕੂ॥
ਇਨ ਕੀ ਓਰ ਨ ਕਬਹੂ ਦੇਖੈ॥
ਰਹਿਤਵੰਤ ਸੋ ਸਿਘ ਵਿਸੇਖੈ॥

ਦਾਸ ਦੀ ਹੈਰਾਣੀ ਦੀ ਹਦ ਬਿਲਕੁਲ-ਖਤਮ ਹੋ ਗਈ ਜਦ ਗੁਰਦਵਾਰੇ ਦੇ ਸਕੱਤਰ ਸਾਹਿਬ ਦੇ ਦਰਸ਼ਨ ਦਿਦਾਰੇ ਕੀਤੇ। ਉਨ੍ਹਾਂ ਦਾੜੀ ਸਾਹਿਬ ਦਾ ਇਹ ਹਾਲ ਕੀਤਾ ਹੋਇਆ ਸੀ ਜਿਵੇਂ ਖੇਤ ਵਿੱਚ ਹਲ ਵਾਹ ਕੇ ਛਡ ਦਿਤਾ ਜਾਵੇ। ਸੁਹਾਗਾ ਦੇਣ ਦੀ ਲੋੜ ਹੀ ਨਹੀਂ। ਕੀ ਸਕੱਤਰ ਸਾਹਿਬ ਗੁਰੂ ਘਰ ਦੀ ਨੁਮਾਇੰਦਗੀ ਨਹੀਂ ਕਰਦੇ? ਜਿਥੇ ਸਕੱਤਰ ਸਾਹਿਬ ਹੀ ਕਚੇ ਪਿਲੇ ਹੋਣਗੇ ਸੰਗਤ ਦੀ ਆਗਵਾਹੀ ਕੀ ਕਰਨਗੇ।

ਗੁਰੂ ਘਰ ਵਿੱਚ ਕੀ੍ਤਨੀਏ ਦਾ ਬੜਾ ਸਨਮਾਨ ਹੈ ਕਿਉਂਕਿ ਗੁਰਬਾਣੀ ਦਾ ਗਾਇਣ ਕਰਕੇ ਸੰਗਤ ਨੂੰ ਗੁਰੂ ਘਰ ਦੇ ਆਸ਼ੇ ਸਮਝੌਨਾ ਅਤੇ ਗੁਰੂ ਮੋਹਿਮਾ ਤੋਂ ਜਾਨੂ ਕਰਾਉਣਾ ਕੀਰਤਨੀਏ ਦੀ ਹੀ ਜ਼ੁਮੇਵਾਰੀ ਹੁੰਦੀ ਹੈ ਜਿਥੇ ਕੀਰਤਨੀਏ ਸਿੰਘ ਆਪ ਹੀ ਅਧ ਮੋਏ ਸਿੰਘ ਹੋਣ ਕੀ ਸੰਗਤ ਨੂੰ ਪਰਭਾਬਤ ਕਰ ਸਕਦੇ ਹਨ।

ਕੀਰਤਨੀਏ ਸਿੰਘਾਂ ਨੂੰ ਦੇਖ ਕੇ ਦਿਲ ਰੋ ਪਿਆ ਅਤੇ ਵਿਚਾਰ ਆਈ ਇਸ ਤੋਂ ਅੱਛਾ ਸੀ ਘਰ ਹੀ ਬੈਠੇ ਪਾਠ ਕਰ ਲੈਂਦੇ।

ਤੁਸਾਂ ਠੀਕ ਹੀ ਲਿਖਿਆ ਹੈ ਪਿੰਡਾਂ ਵਿੱਚ ਪੰਜਾਂ ਪਿਆਰਿਆਂ ਦੀ ਸੇਵਾ ਕਰਨ ਲਈ ਸਿੰਘ ਭੀ ਨਹੀਂ ਹਨ। ਮੈਨੂੰ ਯਾਦ ਹੈ ਸਹੀਦਾਂ ਦੇ ਸਰਤਾਜ ਦਾ ਸ਼ਹੀਦੀ ਪੁਰਬ ਮਨਾਉਂਦੇ ਹੋਏ ਨਗਰ ਕੀਰਤਨ ਦੀ ਤਿਆਰੀ ਕੀਤੀ ਜਾ ਰਹੀ ਸੀ। ਸਭ ਕੁਝ ਤਿਆਰ ਹੋ ਚੁਕਾ ਹੈ ਪਰ ਪੰਜ ਪਿਆਰੇ ਪੂਰੇ ਨਹੀਂ ਸਨ ਹੋ ਰਹੇ। ਉਸ ਵਕਤ ਬਹੁਤ ਭਾਰੀ ਸਮਸਿਆ ਆ ਗਈ। ਭਾਲ ਕਰਨ ਤੇ ਕੁਝ ਸਿੰਘ ਮਿਲ ਗਏ ਜੋ ਦੇਖਨ ਤੋਂ ਸਿਖ ਹੀ ਜਾਪਦੇ ਸਨ ਪਰ ਅੰਮ੍ਰਿਤ ਦੀ ਦਾਤ ਤੋਂ ਸਖਨੇ ਹੀ ਸਨ। ਉਸ ਸਮੇਂ ਦਾਸ ਨੂੰ ਖਿਆਲ ਆਇਆ ਜਲਦੀ ਹੀ ਐਸਾਂ ਸਮਾਂ ਆਉਣ ਵਾਲਾ ਹੈ ਜਦੋਂ ਪੰਜ ਪਿਆਰਿਆਂ ਦਿਆਂ ਸੇਵਾਵਾਂ ਭੀ ਕਰਾਏ ਤੇ ਹੀ ਪ੍ਰਾਪਤ ਕਰਨੀਆਂ ਪੈਨ ਗੀਆਂ। ਹੋ ਸਕਦਾ ਹੈ ਉਹ ਭੀ ਪੂਰਨ ਸਿੰਘ ਨਾ ਹੋਣ।

ਤੁਸਾਂ ਜ਼ਿਕਰ ਕੀਤਾ ਹੈ ਸ਼੍ਰੋ: ਗੁ: ਪ੍ਰ: ਕਮੇਟੀ ਦੀ ਧਰਮ ਪਰਚਾਰਨੀ ਸੱਭਾ ਕਈ ਥਾਵਾਂ ਤੇ ਅੰਮ੍ਰਿਤਰ ਸੰਚਾਰ ਦੇ ਕੈਂਪ ਲਾ ਕੇ ਅੰਮ੍ਰਿਤ ਦਾ ਪਰਚਾਰ ਕਰਦੇ ਹਨ ਤੇ ਲੰਮੀਆਂ ੨ ਲਿਸਟਾਂ ਛਾਪਦੇ ਹਨ ਕੀ ਇਨ੍ਹੋ ਸਿੰਘਾਂ ਨੇ ਅੰਮ੍ਰਿਤ ਪ੍ਰਾਪਤ ਕੀਤਾ। ਮੈਂ ਸੈਮਿਤ ਨਹੀਂ ਹੋ ਸਕਦਾ ਕਿਉਂਕਿ ਮੇਰਾ ਆਪਨਾ ਤਜਰਬਾ ਹੈ ਕਿ ਹਰ ਗੁਰਪੁਰਬ ਤੋਂ ਦੋ ਤਿੰਨ ਮਹੀਨੇ ਪਹਿਲਾਂ ਦਾਸ ਧਰਮ ਪਰਚਾਰਨੀ ਸੱਭਾ ਨੂੰ ਪੱਤਰ ਲਿਖਦਾ ਹੈ ਕੀ ਦੂਰ ਦੁਰਾਡੇ ਗੁਜਰਾਤ ਵਿੱਚ ਬੈਠੇ ਹੋਏ ਸਿੰਘਾਂ ਨੂੰ ਸਿਖੀ ਮਾਰਗ ਦਰਸੌਣ ਲਈ ਕੋਈ ਜੱਥਾ ਭੇਜੋ ਜੋ ਇਥੇ ਸਿੰਘਾਂ ਨੂੰ ਤੇ ਦੂਜੇ ਧਰਮ ਦੇ ਸਜਨਾ ਨੂੰ ਗੁਰੂ ਘਰ ਦੀ ਮਹਿਮਾਂ, ਸਿੰਘਾਂ ਦੀਆਂ ਜੀਵਨੀਆਂ ਬਾਰੇ ਜਾਨੂੰ ਕਰੋਨ। ਪਰ ਉਨ੍ਹਾਂ ਦਾ ਜਵਾਬ 10, 15 ਦਿਨ ਪਹਿਲਾਂ ਆਵੇਗਾ। ਕਿ ਅਸੀਂ ਜਥਿਆਂ ਡੀਊਟੀਆਂ ਪੰਜਾਬ ਵਿਚ ਲਗਾ ਚੁਕੇ ਹਾਂ। ਇਸ ਲਈ ਅਸਾਡੇ ਪਾਸ ਕੋਈ ਜਥਾ ਨਹੀਂ ਹੈ ਅਸੀਂ ਅਸਮਰਥ ਹਾਂ। ਜੇਕਰ ਤੁਸੀਂ ਗੁਰਪੁਰਬ ਅਗੇ ਪਿਛੇ ਕਰਕੇ ਮਨਾ ਸਕਦੇ ਹੋ ਤਾਂ ਵਿਚਾਰ ਕਰਾਂਗੇ। ਕੀ ਉਹ ਕਮੇਟੀ ਐਡਾ ਬੜਾ ਕੰਮ ਕਰ ਸਕਦੀ ਹੈ। ਹਰਗਿਜ਼ ਨਹੀਂ। ਜਿਸ ਕਮੇਟੀ ਦੇ ਪ੍ਰਧਾਨ ਸੰਤ ਜੀ ਹਨ ਜਿਨ੍ਹਾਂ ਨੂੰ ਰਾਜਨੀਤੀ ਤੋਂ*



www.AKJ.Org




(ਇਕ ਗੁਰਮਤ ਖੋਜੀ ਦੀ ਕਲਮ ਤੋਂ)

ਪ੍ਰਸ਼ਨ—ਦਾੜ੍ਹੀ ਫੜਕੇ ਜਾਂ ਹੱਥਾਂ ਵਿਚ ਲੈ ਵਾਕ ਲੈਣਾ ਜਾਂ ਅਰਦਾਸ ਕਰਨੀ ਕੀ ਯੋਗ ਹੈ ?

(ਇਕ ਪਾਠਕ ਨਾਰਨੌਲ)

ਉਤਰ—ਨਿੱਜੀ ਤੌਰ ਤੇ ਇਕਲਾ ਮਨੁਖ ਅਰਦਾਸ ਦਾ ਰੂਪ ਹੋ ਕੇ ਆਪਣੇ ਮਨ ਨੂੰ ਜਿਵੇਂ ਮਰਜ਼ੀ ਪ੍ਰੇਰ ਸਕਦਾ ਹੈ, ਪਰ ਸੰਗਤ ਵਿਚ ਖੜੇ ਹੋਕੇ ਜਾਂ ਬੈਠ ਕ ਹੱਥ ਜੋੜਨਾਂ ਹੀ ਸੋਭਦਾ ਹੈ। ਗਲ ਵਿਚ ਪਾਇਆ ਹੋਇਆ ਹਜ਼ੂਰੀਆ ਦੋਨਾਂ ਹੱਥਾਂ ਵਿਚ ਲੈ ਲੈਣਾ ਕਾਫੀ ਸੋਭਦਾ ਹੈ।

ਪ੍ਰਸ਼ਨ—ਇਸ 'ਪ੍ਰੇਮ-ਅਖਾੜੇ' ਵਿਚ ਅੰਮ੍ਰਿਤ ਛਕਣ ਲਈ ਜੇ ਬੀਬੀਆਂ ਲਈ ਕੇਸਕੀ ਜ਼ਰੂਰੀ ਨਾ ਹੋਵੇ ਤਾਂ ਨਿਸ਼ਕਾਮ ਕੀਰਤਨ ਤੋਂ ਪ੍ਰੇਰਤ ਹੋਕੇ ਬਹੁਤ ਬੀਬੀਆਂ ਅੰਮ੍ਰਿਤ ਛਕ ਸਕਦੀਆ ਹਨ ਤੇ ਜਥੇ ਦੀ ਗਿਣਤੀ ਕਾਫੀ ਵਧ ਸਕਦੀ ਹੈ। ਤੁਹਾਡਾ ਕੀ ਵਿਚਾਰ ਹੈ।

(ਇਕ ਪਾਠਕ ਜਲੰਧਰ)

ਇਸ ਪ੍ਰੇਮ-ਅਖਾੜੇ ਦਾ ਨਿਸ਼ਾਨਾ ਨਾ ਹੀ ਗਿਣਤੀ ਵਧਾਉਣਾ ਹੈ, ਨਾ ਹੀ ਪੈਸੇ ਇਕਠ ਕਰਨਾ ਹੈ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਨੂੰ ਪ੍ਰਚਾਰਨਾ ਹੈ। ਇਸ ਘੋਰ ਕਲਜੁਗ ਵਿਚ ਜਿੱਥੇ ਹਰ ਪਾਸੇ ਮਾਇਆ ਦੀ ਹੀ ਦੌੜ ਭਜ ਹੈ, ਤੱਤ ਰਹਿਤ ਮਰਯਾਦਾ ਦਾ ਪ੍ਰਚਾਰ ਕਰਨਾਂ, ਆਪ ਨਾਮ ਜਪਣਾ, ਹੋਰਨਾਂ ਨੂੰ ਜਪਾਉਣਾ, ਇਸ ਦਾ ਮੁਖ ਮੰਤਵ ਹੈ।

ਇਕ ਹੋਰ ਵਿਚਾਰ-ਸ੍ਰੀ ਦਸਮੇਸ਼ ਜੀ ਨੇ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਸਿਰ ਮੰਗਿਆ ਸੀ। ਸਿਰ ਦੇਣਾ ਤਾਂ ਦੂਰ ਦੀ ਗਲ ਹੈ ਜਿਹੜੀ

---

*ਵੇਹਲ ਨਹੀਂ ਮਿਲਦਾ ਉਹ ਧਰਮ ਪਰਚਾਰ ਕਰ ਸਕਦੇ ਹਨ। ਜਦ ਕਿ ਦੂਜੇ ਧਰਮਾਂ ਵਾਲੇ ਅ ਪਣੇ ਧਰਮਾਂ ਦੀਆਂ ਕਿਤਾਬਾਂ ਨੂੰ ਦੂਜਿਆਂ ਭਾਸ਼ਾਵਾਂ ਵਿਚ ਛਾਪ ਕੇ ਫ੍ਰੀ ਵੰਡਦੇ ਹਨ। ਉਥੇ ਸਾਡੀਆਂ ਕਮੇਟੀਆਂ ਜਥੇ ਤਕ ਤਾਂ ਭੇਜ ਨਹੀਂ ਸਕਦੇ ਉਨ੍ਹਾਂ ਹੋਰ ਪ੍ਰਚਾਰ ਕੀ ਕਰਨਾ ਹੈ।

ਅਸੀਂ ਜਿਨ੍ਹਾਂ ਲੀਡਰਾਂ ਦੇ ਮਗਰ ਲਗੇ ਹੋਏ ਹਾਂ ਉਨ੍ਹਾਂ ਦੇ ਆਪਣੇ ਹੀ ਕੋਈ ਅਸੂਲ ਨਹੀਂ ਹਨ। ਕੁਰਸੀਆਂ, ਮਾਨ ਅਤੇ ਸ਼ੋਹਰਤਾ ਵਾਸਤੇ ਆਪਨੀਆਂ ਪਾਰਟੀਆਂ ਨਿਤ ਦਿਨ ਬਦਲਦੇ ਰਹਿੰਦੇ ਹਨ। ਉਨ੍ਹਾਂ ਨੂੰ ਪੰਥ ਦਾ ਧਿਆਨ ਕਿਵੇਂ ਆਸਕਦਾ ਹੈ। ਪੰਥ ਦੇ ਪੈਸੇ ਨੂੰ ਤਾਂ ਆਪਨੀ ਨਿਜੀ ਸੰਮਤੀ ਸਮਝਨਾ ਉਨ੍ਹਾਂ ਦਾ ਇਕ ਖੇਲ ਹੈ। ਐਸੀ ਹਾਲਤ ਵਿਚ ਸਿਘ ਕਿਧਰ ਜਾਵੇ। ਹਰ ਇਕ ਸਿੰਘ ਜੋ ਸਿਖੀ ਦਾ ਬੂਟਾ ਹੈ ਖਿੜਨ ਤੋਂ ਪਹਿਲਾਂ ਮਰਜਾਂਦਾ ਹੋਇਆ ਆਖਦਾ ਹੈ ਕਿਸ ਦੇ ਕਸੂਰ ਨਾਲ ਸਾਡੀਆਂ ਜੜ੍ਹਾਂ 'ਚ ਜ਼ਹਿਰ ਪਾਈ ਜਾਂਦੀ ਹੈ।

ਮੈਨੂੰ ਆਸ਼ਾ ਹੈ ਤੁਸੀਂ ਇਸ ਅੰਧੇਰੇ ਵਿੱਚ ਰੋਸ਼ਨ ਮੁਨਾਰੇ ਦਾ ਜ਼ਰੂਰ ਕੰਮ ਕਰੋਗੇ।

ਵਾਹਿਗੁਰੂ ਅੰਗ ਸੰਗ ਸਹਾਈ ਹੋਵੇ।



www.AKJ.Org

ਬੀਬੀ ਜਾਂ ਸਿੰਘ ਅੰਮ੍ਰਿਤ ਛਕਣ ਲਈ ਆਪਣੇ ਸੀਸ ਤੇ ਦਸਤਾਰ ਜਾਂ ਕੇਸਕੀ ਨਹੀਂ ਸਜਾ ਸਕਦਾ, ਉਹ ਅੰਮ੍ਰਿਤ ਨਾ ਹੀ ਛਕੇ ਤਾਂ ਚੰਗਾ ਹੈ।

ਪ੍ਰਸ਼ਨ—ਕੀ ਰਾਤ ਨੂੰ ਸੋਹਿਲੇ ਦਾ ਪਾਠ ਲੰਮੇ ਪੈਕੇ ਕੀਤਾ ਜਾ ਸਕਦਾ ਹੈ?

(ਇਕ ਪਾਠਕ, ਅੰਮ੍ਰਿਤਸਰ ਤੋਂ)

ਉਤਰ—ਜੇ ਸਰੀਰ ਅਰੋਗ ਹੋਵੇ ਤਾਂ ਬੈਠ ਕੇ ਹੀ ਕਰਨਾ ਜਾਂ ਸੁਣਨਾ ਚਾਹੀਦਾ ਹੈ।

ਪ੍ਰਸ਼ਨ—ਕੀਰਤਨ ਸਟੇਜ ਉਤੇ ਕੀ ਇਕ ਬੇਅੰਮ੍ਰਿਤੀਏ ਸਿੱਖ ਤੋਂ ਜੋੜੀ ਦੀ ਸੇਵਾ ਲਈ ਜਾ ਸਕਦੀ ਹੈ। (ਇਕ ਪਾਠਕ ਹੁਸ਼ਿਆਰਪੁਰ)

ਉਤਰ—ਭਾਵੇਂ ਬੁਤਾ ਪੂਰਾ ਕੀਤਾ ਜਾ ਸਕਦਾ ਹੈ। ਪਰ ਕੀਰਤਨੀ ਸਟੇਜ ਉਤੇ ਜੇ ਤਿਆਰ-ਬਰ-ਤਿਆਰ ਹੀ ਸਿੰਘ ਸਿੰਘਣੀਆਂ ਹੋਣ ਤਾਂ ਕੀਰਤਨ ਰੱਸ ਵਿਚ ਅਨੋਖੀ ਕਲਾ ਵਰਤਦੀ ਹੈ। ਬੇ-ਅੰਮ੍ਰਿਤੀਆਂ ਨੂੰ ਕੇਵਲ ਹੇਠਾਂ ਬੈਠਕੇ ਸਰੋਤੇ ਹੀ ਹੋਣਾ ਚਾਹੀਦਾ ਹੈ।

ਪ੍ਰਸ਼ਨ—ਕੀ ਟੁਟੇ ਦੰਦੇ ਵਾਲਾ ਕੰਘਾ ਵਰਤਣਾ ਠੀਕ ਹੈ। (ਇਕ ਪਾਠਕ ਹੁਸ਼ਿਆਰਪੁਰ)

ਉਤਰ—ਮੇਰੇ ਵਿਚਾਰ ਵਿਚ ਜਦੋਂ ਕੰਘੇ ਦਾ ਇਕ ਦੰਦਾ ਵੀ ਟੁਟ ਜਾਵੇ, ਤਾਂ ਕੰਘਾ ਬਦਲ ਲੈਣਾ ਚਾਹੀਦਾ ਹੈ। ਟੁਟੇ ਦੰਦੇ ਵਾਲੇ ਕੰਘੇ ਨਾਲ ਕੇਸ ਵਾਧੂ ਟੁਟਦੇ ਹਨ। ਇਹ ਤਾਂ ਹੀ ਸੰਭਵ ਹੈ ਜੇ ਦੋ-ਤਿੰਨ ਕੰਘੇ ਘਰ ਵਿਚ ਵਾਧੂ ਰਖੇ ਜਾਣ।

ਪ੍ਰਸ਼ਨ—ਜਿਸ ਸਿੰਘ ਦੀ ਸਿੰਘਣੀ ਕੇਸਕੀ ਨਾ ਸਜਾਂਦੀ ਹੋਵੇ, ਕੀ ਉਹ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਸਕਦਾ ਹੈ?

(ਵੀਰ ਸੁਰਿੰਦਰ ਸਿੰਘ ਚੰਡੀਗੜ੍ਹ)

ਉਤਰ—ਗੁਰੂ ਮਹਾਰਾਜ ਨੂੰ ਰਹਿਤ ਪਿਆਰੀ ਹੈ, ਸਿੱਖ ਨਹੀਂ, ਇਹ ਪ੍ਰਵਾਨਿਆਂ ਮੱਤ ਹੈ ਕਿ ਬਾਹਰਲੀਆਂ ਰਹਿਤਾਂ ਵਿਚੋਂ ਇਕ ਰਹਿਤ ਕੇਸਕੀ ਹੈ। ਮੇਰੇ ਖਿਆਲ ਵਿਚ ਜੋ ਸਿੰਘ ਆਪਣੀ ਸਿੰਘਣੀ ਨਾਲ ਗ੍ਰਿਸਤੀ ਸੰਬੰਧ ਰਖਦਾ ਹੈ, ਪਰ ਉਸ ਦੀ ਸਿੰਘਣੀ ਪੂਰੀ ਰਹਿਤ ਨਹੀਂ ਰਖਦੀ-ਉਸ ਨੂੰ ਪੰਜ-ਪਿਆਰਿਆਂ ਵਿਚ ਸ਼ਾਮਲ ਕਰਨਾਂ ਗੁਰੂ ਮਹਾਰਾਜ ਦੇ ਹੁਕਮ 'ਰਹਿਤ ਪਿਆਰੀ ਮੋਹਿ ਕਉ ਸਿਖ ਪਿਆਰਾ ਨਾਹਿ" ਨੂੰ ਨੀਵਾਂ ਕਰਨਾ ਹੈ। ਜੇ ਸਿੰਘ ਸਿੰਘਣੀ ਦੋਵੇਂ ਅੰਮ੍ਰਿਤਧਾਰੀ ਹੋਣ ਸਿੰਘਣੀ ਕਿਸੇ ਕਾਰਣ ਕਰਕੇ ਕੇਸਕੀ ਨਹੀਂ ਸਜਾਉਂਦੀ ਅਤੇ ਸਿੰਘ ਜੀ ਮਾਨਸਿਕ ਤੌਰ ਤੇ ਏਨੇ ਉਚੇ ਹੋ ਚੁਕੇ ਹਨ ਕਿ ਉਹ ਗ੍ਰਸਥੀ ਸਬੰਧ ਤੋਂ ਮੁਕਤ ਹਨ ਤਾਂ ਭਾਵੇਂ ਉਹ ਸਿੰਘ ਪੰਜ ਰਿਆਰਿਆਂ ਦੀ ਸੇਵਾ ਕਰ ਸਕਦੇ ਹਨ।

ਪ੍ਰਸ਼ਨ—ਕੀ ਇਕ ਬੱਜਰ ਕੁਰਹਿਤੀਆ ਸਿੰਘ ਨੂੰ ਸਿੰਘਣੀ ਤੋਂ ਬਿਨਾਂ, ਪੰਜ ਪਿਆਰੇ ਮੁਆਫ ਕਰਕੇ ਮੁੜ ਅੰਮ੍ਰਿਤ ਛਕਾ ਸਕਦੇ ਹਨ?

ਉਤਰ—ਕੁਰਹਿਤ ਦੀ ਮੁਆਫ਼ੀ ਤੇ ਮੁੜ ਅੰਮ੍ਰਿਤ ਛੱਕਾ ਸੁਰਜੀਤ ਕਰਨਾਂ ਅੰਮ੍ਰਿਤ-ਅਧਿਕਾਰੀ ਦੀ ਮਾਨਸਿਕ ਦ੍ਰਿੜਤਾ ਤੇ ਨਿਰਭਰ ਕਰਦਾ ਹੈ। ਪੰਜ-ਪਿਆਰੇ ਉਸ ਦੇ ਮਨ ਦੀ ਅਵਸਥਾ ਨੂੰ ਜਾਂਚ ਕੇ ਹੀ ਫੈਸਲਾ ਕਰ ਸਕਦੇ ਹਨ।

(ਜੁਗਿੰਦਰ ਸਿੰਘ ਚੰਡੀਗੜ੍ਹ)

ਪ੍ਰਸ਼ਨ—ਜੇ ਕਰ ਪੰਜ ਪਿਆਰਿਆਂ ਨੇ ਕਿਸੇ ਜੋੜੀ ਨੂੰ ਵਿਆਹ ਤੋਂ ਇਕ ਦਿਨ ਪਹਿਲਾਂ ਤਿਆਰ-ਬਰ-ਤਿਆਰ ਕਰਕੇ ਸਿੰਘ ਸਿੰਘਣੀ ਸਜਾਇਆ ਹੋਵੇ। ਪਰ ਸਿੰਘਣੀ ਦਸਤਾਰ ਦੀ ਰਹਿਤ ਨੂੰ ਜ਼ਰੂਰੀ ਨਾ ਸਮਝਦੀ ਹੋਈ ਪੰਜ ਪਿਆਰਿਆਂ ਦੇ ਹੁਕਮ ਦੀ ਉਲੰਘਣਾ ਕਰਕੇ ਅਨੰਦ ਕਾਰਜ ਸਮੇਂ ਦਸਤਾਰ ਦੇ ਥਾਂ ਪਫ ਤੇ ਹੋਰ ਹਾਰ ਸ਼ਿੰਗਾਰ ਲਾ ਲਵੇ, ਤਾਂ ਉਸ ਸਮੇਂ ਉਨ੍ਹਾਂ ਹੀ ਪੰਜ ਪਿਆਰਿਆਂ ਦੇ ਜਥੇਦਾਰ ਦਾ ਉਨ੍ਹਾਂ ਨੂੰ ਸਿਖਿਆਵਾਂ ਦੇ ਕੇ ਅਨੰਦ-ਕਾਰਜ ਸੰਪੂਰਣ ਕਰਾਉਣਾ ਕਿਥੋਂ ਤਕ ਠੀਕ ਹੈ।

ਉਤਰ—ਕੀ ਠੀਕ ਹੈ ਤੇ ਕੀ ਗਲਤ ਹੈ, ਇਹ ਤਾਂ ਪੂਰਾ ਸਤਿਗੁਰੂ ਹੀ ਜਾਣੇ। ਪਰ ਜੋ ਕੁਝ ਤੁਸੀਂ ਉਪਰ ਦਸਿਆ ਹੈ, ਉਸ ਨੂੰ ਅਸੀਂ ਗੁਰਮਤਿ ਤਾਂ ਨਹੀਂ ਕਹਿ ਸਕਦੇ, ਲੋਕ ਮਤਿ ਕਹਿ ਸਕਦੇ ਹਾਂ।

ਹਾਂ—ਮੇਰੇ ਵਿਚਾਰ ਵਿਚ ਜੇ ਪੰਜ ਪਿਆਰਿਆਂ †



www.AKJ.Org

# ਧੰਨ ਸਤ ਸੰਗਤ ਸੰਤ ਸਹਾਈ ਰਾਮ ਕੇ

( ਦੇਵਾ ਸਿੰਘ ਕਿਰਤੀ ਅੰਮ੍ਰਿਤਸਰੀ )

ਇਕ ਦਰ ਓਹ ਕਰਤਾਰ ਜੋ ਸਭਦਾ ਮਾਲਕ ਪਾਲਨ ਹਾਰਾ ਅਤੇ ਸਹਾਰਾ।
ਇਕ ਦਰ ਏਹ ਭਵ ਸਾਗਰ ਡੂੰਗਾ ਜਿਥੇ ਕੋਈ ਨਾ ਚਾਰਾ ਪਾਨੀ ਖਾਰਾ।
ਵਿਚ ਸਤ ਸੰਗਤ ਬਾਝੋਂ ਦਿਸੇ ਹੋਰ ਨਾ ਕੋਈ ਚਾਰਾ ਨਾਹੀ ਕਨਹਾਰਾ।
ਕਿਰਤੀ ਗੁਰਬਾਨੀ ਦਾ ਬੇੜਾ ਮਿਲ ਜਾਏ ਇਕ ਵਾਰ ਪਾਰ ਉਤਾਰਾ।

ਗੁਰ ਸਿਖੀ ਹੈ ਧਾਰ ਖੰਡੇ ਚਲਨ ਕਰਮਾਂ ਵਾਲੇ ਸੁਰਤ ਸੰਭਾਲੇ।
ਅੰਮ੍ਰਿਤ ਖੰਡੇ ਧਾਰ ਪੀਨ ਤੇ ਹੋ ਜਾਵਨ ਮਤਵਾਲੇ ਸਦਾ ਸੁਖਾਲੇ।
ਉਹ ਫਿਰ ਠੇਡੇ ਆਪ ਨਾ ਖਾਂਵਨ ਸੰਗੀ ਸਾਥ ਬਚਾਲੇ ਪਾਸ ਬਠਾਲੇ।
ਕਿਰਤੀ ਮੂਰਖ ਵੀ ਤਰ ਜਾਂਵਨ ਫਿਰ ਓਹਨਾਂ ਦੇ ਨਾਲੇ ਗੁਰ ਰਖਵਾਲੇ।

ਓਹਨਾਂ ਨੇ ਭਵ ਸਾਗਰ ਵਿਚੋਂ ਰੁੜਦੇ ਕਈ ਬਚਾਏ ਫਰਜ਼ ਨਭਾਏ।
ਸਤ ਸੰਗਤ ਦੀ ਰੰਗਨ ਚਾਹੜੀ ਜੋ ਜੋ ਨੇੜੇ ਆਏ ਰੰਗ ਰੰਗਾਏ।
ਗੁਰਬਾਣੀ ਦਾ ਪਾਣੀ ਪਾ ਕੇ ਸੜਦੇ ਸ਼ਾਂਤ ਕਰਾਏ ਲਏ ਬਚਾਏ।
ਕਿਰਤੀ ਜਹੇ ਗਰੀਬ ਨਮਾਂਣੇ ਸਤਗੁਰ ਚਰਨੀ ਲਾਏ ਸੈਹਜ ਸੁਭਾਏ।

ਕਲਜੁਗ ਕਾਲੀ ਰਾਤ ਅੰਧੇਰੀ ਹੋਇਆ ਔਰ ਅੰਧੇਰਾ ਚਾਰ ਚੁਫੇਰਾ।
ਥਾਂ ਥਾਂ ਠੇਡੇ ਲਗਨ ਜਿਥੇ ਟੁਰਨਾ ਬੜਾ ਉਖੇਰਾ ਹੈ ਇਸ ਬੇਰਾ।
ਗੁਰਬਾਣੀ ਦਾ ਚਾਨਣ ਕਿਧਰੇ ਸਤ ਸੰਗਤ ਦਾ ਡੇਰਾ ਬੜਾ ਚੰਗੇਰਾ।
ਕਿਰਤੀ ਸਤਿਗੁਰ ਆਪ ਮਲਾਵੇ ਕਰ ਕਿਰਪਾ ਜੇ ਮੇਰਾ ਭਾਗ ਮਥੇਰਾ।

†ਨੂੰ ਇਹ ਜਾਪੇ ਕਿ ਇਹ ਜੋੜੀ ਤਾਂ ਬੱਧੀ ਰੁਧੀ ਹੀ (ਕੇਵਲ ਅਨੰਦ ਕਾਰਜ ਲਈ) ਅੰਮ੍ਰਿਤ ਛਕ ਰਹੀ ਹੈ ਤੇ ਪਿਛੋਂ ਸਭ ਕੁਝ ਛਡ ਦੇਣਾ ਹੈ ਤਾਂ ਉਸ ਜੋੜੀ ਨੂੰ ਅੰਮ੍ਰਿਤ ਛਕਾਨ ਤੋਂ ਇਨਕਾਰ ਕਰ ਦੇਨਾ ਚਾਹੀਦਾ ਹੈ। ਹਾਂ ਜੇ ਦੋਵੇਂ ਜੀਅ ਰਹਿਤ ਬਹਿਤ ਵਿਚ ਪੂਰੇ ਰਹਿਨ ਦਾ ਪ੍ਰਨ ਕਰਨ ਅਤੇ ਇਸ ਨੂੰ ਨਿਬ੍ਹਾਨ ਦਾ ਯਕੀਨ ਦਿਲਾਉਨ ਤਾਂ ਹੀ ਉਨ੍ਹਾਂ ਨੂੰ ਅੰਮ੍ਰਿਤ ਛਕਾਨਾ ਚਾਹੀਦਾ ਹੈ। ਜੇ ਉਹ ਐਸਾ ਪ੍ਰਨ ਕਰਕੇ ਅਗਲੇ ਦਿਨ ਅਨੰਦ ਕਾਰਜ ਦੇ ਸਮੇਂ ਇਕ ਰਹਿਤ ਵਿਚ ਵੀ ਕਮਜ਼ੋਰ ਨਜ਼ਰ ਆਉਨ ਤਾਂ ਉਨ੍ਹਾਂ ਦਾ ਕੀਤਾ ਹੋਇਆ ਪ੍ਰਨ ਯਾਦ ਕਰਾਕੇ ਹਦਾਇਤ ਕਰਨੀ ਚਾਹੀਦੀ ਹੈ ਬੀਬੀ ਪਹਿਲੇ ਦਸਤਾਰ ਸਜਾਕੇ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਖਿਮਾ ਮੰਗੇ ਤੇ ਅਗੋਂ ਵਾਸਤੇ ਫਿਰ ਪ੍ਰਨ ਕਰੇ ਕੇ ਹੁਣ ਦਸਤਾਰ ਦੀ ਰਹਿਤ ਪੂਰੀ ਰਖੇਗੀ ਤਾਂ ਹੀ ਉਨ੍ਹਾਂ ਦਾ ਅਨੰਦ ਕਾਰਜ ਕਰਾਇਆ ਜਾ ਸਕਦਾ ਹੈ। ਜੋ ਬਗੈਰ ਰਹਿਤ ਦੇ ਕੋਈ ਆਨੰਦ ਕਾਰਜ ਕਰਾਏਗਾ ਤਾਂ ਉਹ ਗੁਰੂ ਦਾ ਦੇਨਦਾਰ ਹੋਵੇਗਾ।

—o—



www.AKJ.Org

# ਪੰਜਾਂ ਪਿਆਰਿਆਂ ਦੀ ਚੋਣ

(ਭਾਈ ਬਖਸ਼ੀਸ਼ ਸਿੰਘ ਜੀ ਗਿਆਨੀ ਡੇਰਾ ਬਸੀ)

ਸੱਚੇ ਪਾਤਸ਼ਾਹ ਦੀ ਅਪਾਰ ਕਿਰਪਾ ਦਾ ਸਦਕਾ ਅੰਬਾਲਾ ਛਾਉਣੀ ਵਿਖੇ ਹੋਏ ਸਮਾਗਮ ਨੂੰ ਸਰਵਣ ਕਰਨ ਦਾ ਸੁਭਾਗ ਸਮਾ ਪਰਾਪਤ ਹੋਇਆ ਰੈਣ ਸਬਾਈ ਵਾਲੇ ਦਿਨ ਸੰਗਤ ਵਿਚ ਪੰਜਾਂ ਪਿਆਰਿਆਂ ਦੀ ਚੋਣ ਬਾਰੇ ਕਾਫੀ ਚਰਚਾ ਸੁਨਣ ਵਿਚ ਆਈ । ਐਸੀ ਚਰਚਾ ਸੁਣ ਕੇ ਮਨ ਵਿਚ ਬਹੁਤ ਅਫਸੋਸ ਹੋਇਆ । ਹਾਂ ਕਈ ਸਾਲ ਹੋਏ ਇਕ ਵਾਰੀ ਦਿੱਲੀ ਦੀ ਸੰਗਤ ਨੇ ਪੰਜਾਂ ਪਿਆਰਿਆਂ ਦੀ ਚੋਣ ਬਾਰੇ ਇਕ ਗੁਰਮਤਾ ਹਰ ਸ਼ਹਿਰ ਵਿਚ ਪਹੁੰਚਾਇਆ ਸੀ ਪਰ ਉਸਤੇ ਅਮਲ ਨਹੀਂ ਕੀਤਾ ਜਾ ਰਿਹਾ ।

ਪੰਜਾਂ ਪਿਆਰਿਆਂ ਦੀ ਚੋਣ ਬਾਰੇ ਦਾਸ ਦਾ ਵਿਚਾਰ ਹੈ ਕਿ ਇਹ ਵੱਖ ਵੱਖ ਸ਼ਹਿਰਾਂ ਦੀ ਸੰਗਤ ਵਿਚੋਂ ਹੋਣੀ ਚਾਹੀਦੀ ਹੈ । ਹਰ ਸਮਾਗਮ ਵਿਚ ਦੂਰ ਦੂਰ ਤੋਂ ਅਤੇ ਵਖਰੇ ਵਖਰੇ ਸ਼ਹਿਰਾਂ ਵਿਚੋਂ ਸੰਗਤਾਂ ਅਖੰਡ ਕੀਰਤਨ ਸਮਾਗਮ ਤੇ ਪਹੁੰਚਦੀਆਂ ਹਨ । ਹਰ ਸ਼ਹਿਰ ਦੀ ਸੰਗਤ ਨੂੰ ਬੇਨਤੀ ਕੀਤੀ ਜਾਵੇ ਕਿ ਪੰਜਾਂ ਪਿਆਰਿਆਂ ਦੀ ਸੇਵਾ ਵਾਸਤੇ ਇਕ ਸਿੰਘ ਨਿਯਤ ਕਰਕੇ ਦੇਣ । ਇਕ ਸ਼ਹਿਰ ਵਿਚ ਰਹਿਣ ਵਾਲੇ ਸਿੰਘ ਇਕ ਦੂਜੇ ਸਿੰਘ ਨੂੰ ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ । ਇਸ ਤਰ੍ਹਾਂ ਕਰਨ ਨਾਲ ਸ਼ਹਿਰ ਦੀ ਸੰਗਤ ਉਸੇ ਸਿੰਘ ਨੂੰ ਚੁਣੇਗੀ ਜਿਸ ਨੂੰ ਕਿ ਉਹ ਪੰਜਾਂ ਪਿਆਰਿਆਂ ਦੀ ਸੇਵਾ ਕਰਨ ਦੇ ਲਾਇਕ ਸਮਝੇਗੀ ।

ਇਕ ਵਕਤ ਸਾਨੂੰ ਛੇ ਸਿੰਘਾਂ ਦੀ ਜ਼ਰੂਰਤ ਪੈਂਦੀ ਹੈ । ਹਰ ਸਮਾਗਮ ਵਿਚ ਬਦਲਵੇਂ ਸ਼ਹਿਰਾਂ ਦੇ ਸਿੰਘ ਲਏ ਜਾਣ ਤਾਂ ਹੋਰ ਵੀ ਚੰਗਾ ਹੋ ਸਕਦਾ ਹੈ । ਇਸ ਤਰ੍ਹਾਂ ਕਰਨ ਨਾਲ ਤੱਤ ਗੁਰਮਤਿ ਅਸੂਲਾਂ ਨੂੰ ਹੀ ਪਹਿਲ ਦਿੱਤੀ ਜਾਵੇਗੀ ।

ਦਾਸ ਹੀ ਬੇਨਤੀ ਹੈ ਕਿ ਹੋ ਸਕਦਾ ਹੈ ਦਾਸ ਆਪਣੇ ਵਿਚਾਰਾਂ ਵਿਚ ਗਲਤ ਹੀ ਹੋਵੇ ਅਤੇ ਗਲਤ ਵੀ ਹੋ ਸਕਦਾ ਹੈ । ਪਰ ਫਿਰ ਵੀ ਜੇਕਰ ਅਸੀਂ ਇਸ ਸ਼ਰੋਮਣੀ ਕਾਰਜ ਨੂੰ ਜਰਾ ਗਹੁ ਨਾਲ ਵਿਚਾਰੀਏ ਤਾਂ ਸਾਨੂੰ ਜ਼ਰੂਰ ਕੋਈ ਨਾ ਕੋਈ ਸੁਚਜਾ ਢੰਗ ਲਭ ਸਕਦਾ ਹੈ । ਜਿਸ ਦਾ ਸਦਕਾ ਅਗੇ ਤੋਂ ਐਸੀ ਚਰਚਾ ਸੁਨਣ ਦਾ ਮੌਕਾ ਨਹੀਂ ਮਿਲੇਗਾ ।

ਦਾਸ ਆਸ ਕਰਦਾ ਹੈ ਕਿ ਸੰਗਤਾਂ ਇਸ ਵਿਸ਼ੇ ਤੇ ਹਰ ਪੱਖ ਤੋਂ ਵਿਚਾਰ ਕਰਕੇ ਕਿਸੇ ਇਕ ਠੋਸ ਨਤੀਜੇ ਤੇ ਪੁਜ ਸਕਦੀਆਂ ਹਨ ।



www.AKJ.Org

# ਗੁਰੂ ਕਾਂਸ਼ੀ ਦੀ ਸਾਰ ਲਵੋ

## ੯ ਸਤੰਬਰ ੧੯੬੮ ਐਤਵਾਰ ਨੂੰ ਦਮਦਮੇ ਇਕਠ ਦਾ ਸੱਦਾ

(ਵਲੋਂ—ਸ: ਗਿਆਨ ਸਿੰਘ ਜੀ ਰਾੜੇਵਾਲਾ)

ਪਿਆਰੇ ਸਜਣੋ ।

ਆਪ ਜੀ ਨੂੰ ਪਤਾ ਹੀ ਹੈ ਕਿ, ਆਪ ਜੀ ਦੇ ਇਲਾਕੇ ਵਿਚ ਸਿਖੀ ਦਾ ਇਕ ਮੁਖ ਧਾਮ ਤਖ਼ਤ ਸ੍ਰੀ ਦਮਦਮਾ ਸਾਹਿਬ ਹੈ, ਜਿਸ ਥਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਵਰ੍ਹੇ ਤੋਂ ਕੁਝ ਅਰਸਾ ਘਟ ਵਿਸਰਾਮ ਕੀਤਾ ਅਤੇ ਅਨੇਕ ਅਦਭੁਤ ਕਾਰਨਾਮੇ ਇਸ ਧਰਤੀ ਉਤੇ ਕਰਕੇ ਇਸ ਭੂਮੀ ਦੇ ਵਾਸੀਆਂ, ਭਾਰਤੀਆਂ ਅਤੇ ਅਸਾਨੂੰ ਨਿਵਾਜਿਆ ਸੀ।

ਸ੍ਰੀ ਹਜ਼ੂਰ ਨੇ ਏਸੇ ਥਾਂ ਆਪਣੇ ਚਾਰੇ ਪੁਤਰਾਂ ਦੇ ਕੁਰਬਾਨ ਹੋ ਜਾਣ ਦੀ ਖੌਫਨਾਕ ਪੁਛ ਦਾ ਜਵਾਬ ਬੜੀ ਬੇ ਪ੍ਰਵਾਹੀ ਨਾਲ ਮਾਤਾ ਸਾਹਿਬਾਨ ਨੂੰ ਇਹ ਆਖਕੇ ਦਿਤਾ ਸੀ ।

ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਭਇਆ ਜੀਵਤ, ਕਈ ਹਜ਼ਾਰ।

ਏਹੋ ਹੀ ਉਹ ਪਵਿਤ੍ਰ ਸਥਾਨ ਹੈ ਜਿਸ ਥਾਂ ਸ੍ਰੀ ਕਲਗੀਧਰ ਜੀ ਨੇ ਪਵਿਤ੍ਰ ਬੀੜ ਦਾ ਉਚਾਰਨ ਕਰਕੇ ਪੂਰਨ ਪ੍ਰਮਾਣੀਕ ਸਵਰੂਪ ਤਿਆਰ ਕੀਤਾ ਸੀ, ਬੀੜ ਦੇ ਤਿਆਰ ਹੋਣ ਦੇ ਨਾਲੇ ਨਾਲ ਜਿਥੇ ਉਸਦੇ ਚਾਰ ਉਤਾਰੇ ਕਰਾਕੇ ਤਖਤ ਸਾਹਿਬਾਂ ਦੀ ਸਥਾਪਨਾ ਦਾ ਸੰਕੇਤ ਕੀਤਾ ਸੀ ਉਥੇ ਭਾਈ ਮਨੀ ਸਿੰਘ ਬਾਬਾ ਦੀਪ ਸਿੰਘ ਜੀ ਜੈਸੇ ਕਈ ਸਿੰਘਾਂ ਨੂੰ ਨਾਲੋਂ ਨਾਲ ਅਰਥ ਪੜਾਕੇ ਇਸ ਧਾਮ ਨੂੰ ਗੁਰਮਤ ਵਿਦਿਆ ਦੀ ਟਕਸਾਲ ਵੀ ਬਣਾਇਆ ਸੀ, ਜਿਥੇ ਵਰੋਸਾਏ ਹੋਏ ਅਨਕਾਂ ਗਿਆਨੀ ਵਿਦਵਾਨ ਸੰਤ ਮਹਾਤਮਾਂ ਏਥੋਂ ਦੀ ਠਕਸਾਲ ਦੇ ਗਿਆਨੀ ਹੋਣ ਦਾ ਅਜ ਤਕ ਮਾਣ ਨਾਲ ਵਰਣਨ ਕਰਦੇ ਹਨ ।

ਖਾਲਸਾ ਜੀ ! ਤੁਹਾਨੂੰ ਯਾਦ ਹੋਵੇਗਾ ਜਦੋਂ ਰਾਏ ਡੱਲੇ ਨੂੰ ਗੁਰੂ ਜੀ ਨੇ ਕਿਹਾ ਸੀ ਦੇਖ ਭਾਈ ਡੱਲਿਆ ਏਧਰ, ਨਹਿਰਾਂ ਆ ਰਹੀਆਂ ਹਨ। ਕਣਕਾਂ ਲਹਿਰਾਉਂਦੀਆਂ ਹਨ, ਦੇਖ ਡੱਲਿਆ ਅੰਬ ਲਗੇ ਹੋਏ, ਫ਼ੇਰ ਦੇਖ ਡੱਲਿਆ ਮਾਲਵੇ ਦੀ ਧਰਤੀ ਉਤੇ ਕਿਵੇਂ ਹਰਿਆਵਲਾਂ ਲਹਿ ਲਹਾ ਰਹੀਆਂ ਅਤੇ ਬਾਗੀਂ ਫੁਲ ਖਿੜ ਰਹੇ ਹਨ, ਫਲ ਲਗ ਰਹੇ ਹਨ ?

ਡਲੇ ਨੇ ਕਿਹਾ ਸੀ, ਮਹਾਰਾਜ ਇਸ ਮਾਰੂਥਲ ਵਿਚ ਇਹ ਸਵਰਗੀ ਚੀਜ਼ਾਂ ਕਿਵੇਂ ਹੋ ਸਕਦੀਆਂ ਹਨ ? ਇਥੇ ਤਾਂ ਟਿੱਬਿਆਂ ਤੇ ਹਨੇਰੀਆਂ ਦੇ ਝੱਖੜ ਉਠਦੇ ਹਨ ਤੇ ਅੰਬਾਂ ਦੀ ਥਾਂ ਜੰਡ ਕਰੀਰ ਜਾਂ ਅੱਕ ਭਾਵੇਂ ਲੱਭ ਪੈਣ। ਤਾਂ ਲੱਭ ਪੈਣ ਏਥੇ ਅੰਬ ਕਿੱਥੇ ? ਨਹਿਰਾਂ ਕਿੱਥੇ ਵਗਣੀਆਂ ਨੇ। ਅਗੋਂ ਗੁਰੂ ਜੀ ਦੇ ਬਚਨ ਸਨ: ਹਛਾ ਭਾਈ। ਤੂੰ ਸ਼ੰਕੇ ਹੀ ਕਰੀ ਜਾਂਦਾ ਹੈ ਇਹ ਚੀਜ਼ਾਂ ਹੋਣੀਆਂ ਤਾਂ ਜਲਦੀ ਹੀ ਸਨ ਪਰ ਹੁਣ ਦਿਨ ਪਾਕੇ ਹੋਣਗੀਆਂ।

ਖਾਲਸਾ ਜੀ ਇਹ ਬਚਨ ਓਦੋਂ ਦੇ ਪੁਰਾਣੇ ਗ੍ਰੰਥਾਂ ਵਿਚ ਹਨ ਜਦੋਂ ਨਹਿਰਾਂ ਨਿਕਲੀਆਂ ਨਹੀਂ ਸਨ, ਸੁ ਹੁਣ ਅਸੀਂ ਆਪ ਅੱਖੀਂ ਦੇਖ ਰਹੇ ਹਾਂ ਕਿ ਇਹ ਬਚਨ ਕਿਵੇਂ ਪੂਰੇ ਹੋਏ ਹਨ।

ਮਾਲਵੇ ਵਿਚ ਗੁਰੂ ਜੀ ਦੇ ਵਰ ਨਾਲ ਹੁਣ ਨਹਿਰਾਂ ਲਹਿਰ ਬਹਿਰ ਲਾਈ ਹੈ ਬਾਗ ਤੇ ਕਣਕਾਂ ਦੇ ਢੇਰ ਲਗੇ ਹੋਏ ਹਨ, ਉਥੇ ਸਮਾਂ ਆ ਗਿਆ ਹੈ ਜਦੋਂ ਸਾਨੂੰ ਗੁਰੂ ਜੀ ਦੇ ਦੂਜੇ ਬਚਨਾਂ ਨੂੰ ਵੀ ਯਾਦ ਕਰਨਾ ਚਾਹੀਦਾ ਹੈ। ਜੋ ਉਨ੍ਹਾਂ ਨੇ ਇਸ ਧਾਮ ਨੂੰ ਗੁਰੂ ਕੀ ਕਾਂਸ਼ੀ ਬਨਾਉਣ



www.AKJ.Org

ਦੇ ਕੀਤੇ ਸਨ ।

ਕੀ ਇਹ ਅਫਸੋਸ ਵੀ ਗੱਲ ਨਹੀਂ ਇਸ ਵੇਲੇ ਇਹ ਗੁਰਮਤ ਵਿਦਿਆ ਦੀ ਟਕਸਾਲ ਸੁੰਨੀ ਹੀ ਪਈ ਹੈ ? ਕੋਈ ਅਰਥ-ਬੋਧ ਪੜ੍ਹਾਉਣ ਵਾਲਾ ਇਕ ਗਿਆਨੀ ਵੀ ਏਥੇ ਨਹੀਂ । ਲਿਖਣਸਰ ਦਾ ਬੁੰਗਾ ਜਿਥੇ ਅਨੇਕਾਂ ਬੀੜਾਂ ਲਿਖੀਆਂ ਜਾਂਦੀਆਂ ਰਹੀਆਂ ਹਨ। ਵਿਦਵਾਨ ਗਿਆਨੀ ਤਿਆਰ ਹੁੰਦੇ ਰਹੇ ਹਨ। ਇਕ ਖੋਲੇ ਦਾ ਰੂਪ ਧਾਰਨ ਕਰ ਰਿਹਾ ਹੈ, ਉਹ ਪਵਿਤਰ ਸਰੋਵਰ ਲਿਖਣਸਰ, ਜਿਥੇ ਦਸਮੇਸ਼ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਪਿਛੋਂ ਕਲਮਾਂ ਅਤੇ ਸਿਆਹੀ ਸੁਟ ਕੇ ਕਿਹਾ ਸੀ, 'ਏਥੇ ਬੜੇ ਵੇਲੇ ਗਿਆਨੀ ਤਤਵੇਤੇ ਹੋਣਗੇ,ਲਿਖਾਰੀ ਹੋਣਗੇ ਵਿਦਵਾਨ ਹੋਣਗੇ ? ਕੀ, ਇਹ ਇਸ ਧਾਮ ਦੀ ਦਸ਼ਾ ਸਾਡੇ ਸਭਨਾ ਲਈ ਵੰਗਾਰ ਨਹੀਂ ?

ਖਾਲਸਾ ਜੀ। ਗੁਰਮਤ ਵਾਦੀਆਂ ਦਾ ਵਾਯੂ ਮੰਡਲ ਕਾਫੀ ਅਰਸੇ ਤੋਂ ਟੁਟ ਚੁਕਿਆ ਹੈ, ਸਿਖੀ ਦਾ ਵਾਤਾਵਰਣ ਘਟ ਗਿਆ ਹੈ, ਪਿੰਡਾਂ ਤੇ ਸ਼ਹਿਰਾਂ ਦੇ ਗੁਰਦੁਆਰਿਆਂ ਨੂੰ ਜਿਹੋ ਜਿਹੇ ਗ੍ਰੰਥੀ ਵਖਿਆਨ ਦਾਤੇ ਚਾਹੀਦੇ ਹਨ, ਉਨ੍ਹਾਂ ਦਾ ਕਾਲ ਪੈ ਗਿਆ ਹੈ। ਜਿਸ ਕਾਰਨ ਸਿਖੀ ਦੇ ਪ੍ਰਚਾਰ ਦੀ ਘਾਟ ਢਾਹ ਆ ਲਗੀ ਹੈ। ਇਹ ਪੇਸ਼ਾ ਰਾਜਸੀ ਮੈਂਬਰੀਆਂ ਪਿਛੇ ਲਗੇ ਰਹਿਣ ਵਾਲਿਆਂ ਲੋਕਾਂ ਦਾ ਇਹ ਕੰਮ ਨਹੀਂ। ਇਹ ਨਿਰਮਾਣ ਸੇਵਕਾਂ ਦਾ ਕਾਰਜ ਹੈ ਜੋ ਧਰਮ ਦੀਆਂ ਜੜ੍ਹਾਂ ਪਿੰਡ ਪਿੰਡ ਸ਼ਹਿਰ ਸ਼ਹਿਰ ਲਗਾ ਕੇ ਉਨ੍ਹਾਂ ਨੂੰ ਵਧਾ ਫੁਲਾ ਸਕਦੇ ਹਨ, ਇਸ ਲਈ ਏਥੋਂ ਦੀ ਮੁਖ ਮੰਗ ਹੈ ਗੁਰਮਤ ਵਿਦਿਆ ਦੀ ਟਕਸਾਲ ਦਾ ਪੂਰੀ ਤਰ੍ਹਾਂ ਚਲਾਉਣਾ ਅਤੇ ਗੁਰਮਤ ਵਾਦੀ, ਗੁਰੂ ਬਾਣੀ ਅਤੇ ਇਤਿਹਾਸ ਤੇ ਸਿਖ ਧਰਮ ਦੇ ਵੇਤਿਆਂ ਦਾ ਏਥੇ ਹਜ਼ਾਰਾਂ ਦੀ ਗਿਣਤੀ ਵਿਚ ਤਿਆਰ ਹੋ ਹੋ ਕੇ ਨਿਕਲਣਾ ਜਿਸ ਬਿਨਾ ਇਹ ਧਾਮ 'ਗੁਰੂ ਕਾਸੀ' ਨਹੀਂ ਅਖਵਾ ਸਕਦਾ ।

ਸੋ ਖਾਲਸਾ ਜੀ ! ਆਓ; ਦਸਮੇਸ਼ ਜੀ ਦੇ ਬਚਨਾਂ ਨੂੰ ਪੁਛਾਣੀਏ ਅਤੇ ਉਨ੍ਹਾਂ ਦੀ ਵਰੋਸਾਈ ਧਰਤੀ ਉਤੇ ਛੇਤੀ ਹੀ ਇਹ ਆਲੀਸ਼ਾਨ ਧਾਮ ਦੀ ਅਜ਼ੀਮ ਸ਼ਾਨ ਮੁਤਾਬਕ ਕਾਰਜ ਅਰੰਭੀਏ। ਭਾਵੇਂ ਤਖਤ ਸਾਹਿਬ ਦੀ ਬਿਲਡਿੰਗ ਤੇ ਆਸ ਪਾਸ ਦੇ ਬੁੰਗਿਆ ਆਦਿਕ ਦੀ ਸੇਵਾ ਵੀ ਘੱਟ ਤਵੱਜੋ ਦੀ ਮੁਸ਼ਤਹੱਕ ਨਹੀਂ, ਪਰ ਸਭ ਤੋਂ ਵਧ ਹੈ ਏਥੇ ਗੁਰਮਤ ਦੇ ਵਿਦਵਾਨਾਂ ਦੀ ਟਕਸਾਲ ਦਾ ਪੂਰੀ ਸ਼ਾਨ ਨਾਲ ਚਲਣ ਦਾ ਕਾਰਜ। ਜਿਸ ਬਾਰੇ ਅਸੀਂ ਵਿਚਾਰਾਂ ਕਰਨੀਆਂ ਹਨ।

ਇਸ ਆਸ਼ੇ ਨੂੰ ਮੁਖ ਰਖਕੇ 7-8 ਸਤੰਬਰ, ਐਤਵਾਰ ਨੂੰ ਬੁੰਗਾ ਮਸਤੂਆਣਾ ਵਿਖੇ ਇਲਾਕੇ ਦੇ ਮੁਖੀਆਂ ਦੀ ਇਕ ਕਨਵੈਸ਼ਨ ਬੁਲਾਈ ਗਈ ਹੈ, ਜਿਸ ਵਿਚ ਇਸਧਾਮ ਬਾਰੇ ਵਰਤੀ ਜਾ ਰਹੀ ਬੇ ਪ੍ਰਵਾਹੀ ਤੋਂ ਗਰੇਜ਼ ਕਰਕੇ ਆਪਣੇ ਫਰਜ਼ ਪਛਾਣਨ ਲਈ ਸੋਚਣਾ ਵਿਚਰਨਾ ਹੈ।

ਖੁਸ਼ੀ ਦੀ ਗੱਲ ਹੈ ਇਹ ਦਿਨ ਪਾਵਨ ਦਮਦਮੀ ਬੀੜ ਦਾ ਪਹਿਲਾ ਪ੍ਰਕਾਸ਼ ਦਿਵਸ ਵੀ ਹੈ ਅਤੇ ਤਖਤ ਦੀ ਸਾਹਿਬ ਸਥਾਪਨਾ ਦਾ ਦਿਹਾੜਾ ਵੀ। ਇਸ ਦਿਨ ਹੋਰ ਗੁਰਮੁਖ ਪਿਆਰੇ ਵਿਦਵਾਨ ਤੇ ਸੰਤ ਮਹੰਤ ਵੀ ਪੁਜ ਰਹੇ ਹਨ।

ਪਰ ਸਭ ਤੋਂ ਵਧ ਇਲਾਕੇ ਦੇ ਲੋਕਾਂ ਲਈ ਇਹ ਗੱਲ ਖੁਸ਼ਖਬਰੀ ਤੋਂ ਘਟ ਨਹੀਂ ਕਿ ਇਸ ਵਾਰੀ ਪੰਥ ਰਤਨ ਕੁਰਬਾਨੀ ਦੇ ਪੁੰਜ ਨਾਮ ਦੇ ਰਸੀਏ **ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪ੍ਰੇਮੀ ਅਖੰਡ ਕੀਰਤਨੀ ਜਥੇ** ਖਾਸ ਤੌਰ ਤੇ ਪੁਜ ਰਹੇ ਹਨ। ਜਿਨ੍ਹਾਂ ਦਾ ਕੀਰਤਨ ਸਮੁਚੀ ਫਰਸ਼ੀ ਦੁਨੀਆਂ ਵਿਚ ਬੈਠਿਆਂ ਨੂੰ ਅਰਸ਼ੀ ਨਜ਼ਾਰਿਆਂ ਵਿਚ ਲੈ ਜਾਂਦਾ ਹੈ।

ਕਿਰਪਾ ਕਰਕੇ ਇਸ ਸਮਾਗਮ ਵਿਚ ਪੁਜ ਕੇ ਲਾਭ ਉਠਾਉਣ ਤੇ ਵਿਚਾਰਾਂ ਵਿਚ ਹਿਸਾ ਲੈਕੇ ਕਰਨ ਵਾਲੇ ਕੰਮਾਂ ਲਈ ਨਿੱਗਰ ਤਜਵੀਜ਼ਾਂ ਘੜਨ ਵਿਚ ਸਹਾਇਤਾ ਕਰਨੀ। —o—



www.AKJ.Org

# KESHA AND SIKHISM

( Bhai Gurcharan Singh Ji M.A., Jullundur )

Our long hair are natural gift given by God to every-person. As the hair of the man's face differiante him from a woman, it also adds to the natural beauty of the man.

The practice of keeping long and natural hair by men and women is not entirely new in Sikhism. Even ancient sauits sages, kings and learned men kept their hair in natural form. These hair (Kesha) were, the sign of civilization and respect. It is a well-known facf that. Lord Buddha, Lord Krishana and Christ kept their hair unshown.

In keeping long and natural hair, the sikh religion maintains an anceint tradition of sauits and Religious persons, though there is a diff ent way and diffrent philosophy behind it.

First of all, the keeping of hair is regarded as an indication of living in harmony with the will of God. The daily life of a sikh is under the will of his Guru and God. On all aspects, his Life is natural, clean and disceplined. Secoundly, the hair are a symbol of ughteousness and natural process. They are an important part of body just like hands and eyes. Revomal of hair is aviolation of a Low of nature. Long hair on the head and bold Moustachers and beard is regarded as a mark of masculine beauty. Thirdfy, and according to the scientific point of view, have are essential for health and vatality. They protect the head from Heat, cold and wind. They are the source of physical strength also.

The highest aim of Guru Gobind Singh was to infuse a spirt of patriotism and self-respect in the sikhs. He produced such a man, who was fearless like a lion, having a Distinct dress and Appearance. By Maintaining the natural form of hair, the sikh was ever ready to do his duty well in the battle field and even in the social atmosphere. Thus, the hair has great importance in sikhisin They are sign of dharma, respect, and morality.

ਸਾਡੇ ਕੇਸ ਅਕਾਲ ਪੁਰਖ ਦੀ ਅਲਾਹੀ ਦਾਤ ਹੈ ਜੋ ਹਰ ਪ੍ਰਾਨੀ ਪਾਤਰ ਨੂੰ ਮਿਲਦੀ ਹੈ। ਕਿਉਂਕਿ ਦਾਹੜਾ ਸਿਰਫ ਆਦਮੀ ਦੇ ਚੇਹਰੇ ਨੂੰ ਔਰਤ ਦੇ ਚੇਹਰੇ ਤੋਂ ਬਿਲਕੁਲ ਵਖਰਾ ਹੀ ਨਹੀਂ ਦਰਸਾਂਦਾ ਹੈ ਸਗੋਂ ਏਹ ਪੁਰਸ਼ ਦੀ ਕੁਦਰਤੀ ਸੁੰਦਰਤਾ ਨੂੰ ਵੀ ਵਧਾਉਂਦਾ ਹੈ।

ਇਸਤਰੀਆਂ ਅਤੇ ਪੁਰਸ਼ਾਂ ਦਾ ਲੰਬੇ ਅਤੇ ਕੁਦਰਤੀ ਕੇਸ ਰਖਣ ਦਾ ਰਿਵਾਜ ਸਿਖ ਧਰਮ ਵਿਚ ਕੋਈ ਬਿਲਕੁਲ ਨਵਾਂ ਰਿਵਾਜ ਨਹੀਂ ਹੈ ਸਗੋਂ ਪੁਰਾਣੇ ਵਕਤਾਂ ਵਿਚ ਸੰਤ, ਰਿਸ਼ੀ, ਮੁਨੀ, ਰਾਜੇ ਮਹਾਰਾਜੇ ਅਤੇ ਬਹੁਤ ਵਿਦਵਾਨ ਪੁਰਸ਼ ਅਪਣੇ ਵਾਲਾਂ ਨੂੰ ਕੁਦਰਤੀ ਸ਼ਕਲ ਵਿਚ ਹੀ ਰਖਦੇ ਸੀ। ਏਹ ਕੇਸ ਤਾਜ਼ੀਬ ਅਤੇ ਇਜ਼ਤ ਦਾ ਚਿਨ੍ਹ ਸਮਝਿਆ ਜਾਂਦਾ ਸੀ। ਇਹ ਬਿਲਕੁਨ ਪ੍ਰਸਿਧ ਸਚਾਈ ਹੈ ਕੇ ਮਹਾਤਮਾ ਬੁਧ ਭਗਵਾਨ



www.AKJ.Org

ਕ੍ਰਿਸ਼ਨ ਜੀ, ਅਤੇ ਯਸੂ ਮਸੀਹ ਆਪਨੇ ਕੇਸ ਬਿਨਾ ਮੁੰਡਵਾਏ ਰਖਦੇ ਸੀ।

ਲੰਬੇ ਅਤੇ ਕੁਦਰਤੀ ਕੇਸ ਰਖਨ ਵਿਚ ਸਿਖ ਧਰਮ ਪੁਰਾਣੀ ਪਰਮਪਰਾ ਜੋ ਸੰਤਾਂ ਅਤੇ ਧਾਰਮਿਕ ਪੁਰਸ਼ਾਂ ਵਿਚ ਚਲੀ ਆਉਂਦੀ ਸੀ ਉਸਨੂੰ ਬਰਕਰਾਰ ਰਖਦਾ ਹੈ ਭਾਵੇਂ ਸਿਖ ਧਰਮ ਵਿਚ ਇਸ ਦੀ ਤਹਿ ਵਿਚ ਤਰੀਕਾ ਅਤੇ ਫੁਲਸਫਾ ਬਿਲਕੁਲ ਹੀ ਨਿਆਰਾ ਹੈ ਸਭ ਤੋਂ ਪਹਿਲੇ ਕੇਸਾਂ ਦਾ ਰਖਨਾ ਵਾਹਿਗੁਰੂ ਦੀ ਰਜ਼ਾ ਵਿਚ ਰਹਿਨ ਦੀ ਅਤੇ ਉਸ ਅਕਾਲ ਪੁਰਖ ਨਾਲ ਇਕ ਮਿਕ ਹੋਣ ਦੀ ਨਿਸ਼ਾਨੀ ਹੈ। ਇਕ ਸਿਖ ਦਾ ਰੋਜ਼ਾਨਾ ਜੀਵਨ ਹੀ ਸਤਿਗੁਰੂ ਅਤੇ ਅਕਾਲ ਪੁਰਖ ਦੀ ਰਜ਼ਾ ਵਿਚ ਹੁੰਦਾ ਹੈ। ਸਮੁਚੇ ਤੌਰ ਤੇ ਉਸ ਦਾ ਜੀਵਨ ਕੁਦਰਤੀ, ਨਿਰਮਲ ਅਤੇ ਇਕ ਸਚੇ ਵਿਚ ਢਲਿਆ ਹੋਇਆ ਹੁੰਦਾ ਹੈ। ਦੂਸਰਾ, ਉਸਦੇ ਕੇਸ ਨੇਕੀ ਅਤੇ ਕੁਦਰਤ ਦੀ ਵਿਉਂਤ ਦੀ ਨਿਸ਼ਾਨੀ ਹਨ।

ਕੇਸ ਸਾਡੇ ਸਰੀਰ ਦਾ ਇਤਨਾਂ ਹੀ ਜ਼ਰੂਰੀ ਅੰਗ ਹਨ ਜਿਨੇ ਹਥ ਅਤੇ ਅਖਾਂ, ਕੇਸਾਂ ਦੀ ਬੇ ਅਦਬੀ ਯਾ ਇਨ੍ਹਾਂ ਨੂੰ ਕਤਲ ਕਰਵਾ ਦੇਨਾ ਕੁਦਰਤ ਕਾਨੂੰਨ ਦੀ ਉਲੰਘਨਾ ਹੈ।

ਸਿਰ ਤੇ ਲੰਬੇ ਕੇਸ ਅਤੇ ਤਕੜੀਆਂ ਮੁਛਾਂ ਅਤੇ ਦਾਹੜਾ ਆਦਮੀ ਦੀ ਸੁੰਦਰਤਾ ਦੀ ਨਿਸ਼ਾਨੀ ਹਨ।

ਤੀਸਰਾ ਵਿਗਿਆਨਕ ਨੁਕਤਾ ਨਿਗਾਹ ਨਾਲ ਵੀ ਕੇਸ ਸੇਹਤ ਅਤੇ ਤਾਕਤ ਵਾਸਤੇ ਅਤੀ ਜ਼ਰੂਰੀ ਹਨ ਇਹ ਸਿਰ ਨੂੰ ਗਰਮੀ ਸਰਦੀ ਅਤੇ ਹਵਾ ਤੋਂ ਸੁਰਖਸ਼ਤ ਰਖਦੇ ਹਨ। ਕੇਸ ਸਰੀਰਕ ਤਾਕਤ ਦਾ ਵੀ ਸੋਮਾਂ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਭ ਤੋਂ ਮੁਖ ਆਦਰਸ਼ ਸਿਖਾਂ ਅੰਦਰ ਦੇਸ਼ ਭਗਤੀ ਅਤੇ ਸਵੈਮਾਨ ਜੀਵਨ ਦਾ ਜੋਸ਼ ਭਰਨਾ ਸੀ। ਉਨ੍ਹਾਂ ਨੇ ਇਕ ਐਸਾ ਇਨਸਾਨ ਪੈਦਾ ਕੀਤਾ ਜੋ ਸ਼ੇਰ ਦੀ ਤਰ੍ਹਾਂ ਨਿਰਭੈ ਹੋਵੇ ਅਤੇ ਉਸਦਾ ਪੇਹਰਾਵਾ ਅਤੇ ਸ਼ਕਲ ਦੂਸਰਿਆਂ ਨਾਲੋਂ ਵਖ ਹੋਵੇ ਕੇਸਾਂ ਨੂੰ ਕੁਦਰਤੀ ਰੂਪ ਵਿਚ ਰਖਣੋ ਲਈ ਸਿਖ ਹਰ ਵਕਤ ਤਿਆਰ ਬਰ ਤਿਆਰ ਅਤੇ ਅਪਨਾ ਫਰਜ਼ ਨਿਬਾਹਨ ਵਿਚ ਤਤਪਰ ਰਹਿੰਦਾ ਹੈ ਖਾਸਕਰ ਮੈਦਾਨ ਜੰਗ ਵਿਚ ਅਤੇ ਭਾਈ ਚਾਰਕ ਵਾਤਾ ਵਰਤਨ ਵਿਚ ਪਿਛਾਂਹ ਨਹੀਂ ਹਟਦਾ ਇਸਤਰਾਂ ਕੇਸਾਂ ਦੀ ਸਿਖ ਧਰਮ ਵਿਚ ਬਹੁਤ ਮਹਾਨਤਾ ਹੈ ਇਹ ਧਰਮ ਦੀ, ਇਜ਼ਤ ਅਤੇ ਇਖਲਾਕ ਦੀ ਨਿਸ਼ਾਨੀ ਹਨ।

---

## ਗੁਰਦਵਾਰਾ ਸਾਹਿਬ ਕੁਮਾਰ ਹੱਟੀ (ਸ਼ਿਮਲਾ)

ਜਲ ਦੀ ਔਖਿਆਈ ਨੂੰ ਮੁਖ ਰਖਦੇ ਹੋਏ ਉਕਤ ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ ਨੇ ਜਲ ਦੀ ਨਾਲੀ (ਵਾਟਰ ਪਾਈਪ) ਲਗਾਉਣ ਦਾ ਉਦਮ ਅਰੰਭਿਆ ਹੈ, ਜਿਸ ਵਿਚ ਹੇਠ ਲਿਖੇ ਗੁਰਮੁਖ ਪਿਆਰਿਆਂ ਨੇ ਇਸ ਸ਼ੁਭ ਕਾਰਜ ਵਿਚ ਹਿਸਾ ਪਾਇਆ ਹੈ, ਜਿਨ੍ਹਾਂ ਸਜਣਾਂ ਨੇ ਅਜੇ ਤਕ ਇਸ ਕਾਰਜ ਵਿਚ ਆਪਣਾ ਹਿੱਸਾ ਨਹੀਂ ਪਾਇਆ, ਉਹ ਸ਼ੀਘਰ ਹੀ ਸ: ਇੰਦਰ ਸਿੰਘ ਖ਼ਾਲਸਾ ਬੂਟ ਹਾਊਸ, 181 ਗੰਜ ਬਾਜ਼ਾਰ ਸ਼ਿਮਲਾ ਦੇ ਨਾਮ ਮਾਇਆ ਭੇਜ ਕ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਨੀ ਸਜਣਾਂ ਦੇ ਨਾਮ :—

| | |
|---|---|
| ਭਾ: ਮਹਿੰਗਾ ਸਿੰਘ ਜੀ ਕਰਤਾਰਪੁਰ | 20 ਰੁਪੈ |
| ਭਾ: ਮਹਿੰਦਰ ਸਿੰਘ ਜੀ | 14-00 |
| ਇਕ ਗੁਰਮੁਖ ਪਿਆਰਾ (ਗੁਪਤ) | 10-00 |
| ਬਾਬਾ ਅਤਰ ਸਿੰਘ ਜੀ ਜੋਧਪੁਰ | 100-00 |
| ਰਾਹੀਂ ਸ: ਬੇਅੰਤ ਸਿੰਘ ਜੀ ਪੂਨਾ | 300-00 |
| ਸ. ਮੋਹਨ ਸਿੰਘ ਜੀ ਸਿਪਾਹੀ P-342 ਕਸ਼ਮੀਰ | 11-00 ਰੁ: |
| ਭਾ: ਕਸ਼ਮੀਰਾ ਸਿੰਘ ਜੀ 99 APO | 30-00 |
| ਭਾ. ਸੁਰਜਨ ਸਿੰਘ, ਸੁਰਿੰਦਰ ਸਿੰਘ ਜੀ ਅੰਮ੍ਰਿਤਸਰ ਕਲਾਥ ਹਾਊਸ ਸ਼ਿਮਲਾ (ਇਕਰਾਰੀ) | 250-00 |



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ ॥

ਸੁਨਕੈ ਹਮਿ ਤਾਹਿ ਕੇ ਬੇਠਨ ਕੋ ਦਮਦਮਾ ਮਾਲਵੇ ਵੀਚ ਸੁਧਾਰੋ ।
ਦਿਗ ਤਾਹਿ ਤਲਵੰਡੀ ਕੇ ਕਾਂਸੀ ਰਚੋ ਜਹਿ ਬੈਲ ਪੜੇ ਹੋਇ ਬੁਧਿ ਉਦਾਰੋ ।
ਗ੍ਰੰਥ ਉਚਾਰ ਕਰੋ ਤਾਂ ਬੇਠ ਕੇ ਬੀੜ ਸੋਊ ਜਗ ਮਾਹਿ ਬਿਧਾਰੋ ।
ਅੱਖਰ ਏਕ ਛੇਡ ਕਾ ਭੇਦ ਧਰੋ ਮਮ ਦਾਸ ਗੁਰੂ ਸਮਰਥ ਬਿਚਾਰੋ ।

**ਆਏ ਦੀਦਾਰ ਲਗੋ ਨੇ**

ਲਖੀ ਜੰਗਲ ਖਾਲਸਾ ਆਏ ਦੀਦਾਰ ਲਗੋ ਨੇ ।
ਸੁਣ ਕੇ ਸੱਦ ਮਾਹੀ ਦਾ ਮੇਂਹੀ ਪਾਣੀ ਘਾਹੁ ਮੁਤੋ ਨੇ ।
ਕਿਸੇ ਨਾਲ ਨਾ ਰਲੀਆ ਕਾਈ ਕੋਈ ਸ਼ੋਕ ਪਿਯੋ ਨੇ ।
ਗਿਆ ਫ਼ਿਰਾਕ ਮਿਲਿਆ ਮਿਤ ਮਾਤੀ ਤਾਹੀ ਸ਼ੁਕਰ ਕੀਤੋ ਨੇ ।

ਇਹ ਹੈ ਪ੍ਰਗਟ ਹਮਰੀ ਕਾਂਸੀ ॥ ਪੜ੍ਹੇ ਢੋਰ ਬੁਧਿ ਹੋਇ ਪ੍ਰਕਾਸੀ ॥

## ੭, ੮, ੯ ਸਤੰਬਰ ੧੯੬੯ ਦਿਨ ਸ਼ਨੀ, ਐਤ, ਸੋਮਵਾਰ ਭਾਦੋਂ ਵਦੀ ਏਕਮ ਤੋਂ ਤੀਜ ਤਕ

## ਗੁਰੂ ਕਾਂਸ਼ੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ

# ਦਮਦਮੀ ਬੀੜ ਦੇ ਪਹਿਲੇ ਪ੍ਰਕਾਸ਼ ਦਾ ਉਤਸ਼ਵ

ਅਤੇ

## ਭਾ. ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥਿਆਂ ਵਲੋਂ

# ਭਾਰੀ ਅਖੰਡ ਕੀਰਤਨ ਸਮਾਗਮ

## ਦਮਦਮੇ ਦੀ ਟਕਸਾਲ ਦੇ ਵਿਦਵਾਨਾਂ ਖੋਜੀਆਂ ਦੇ ਗੁਰਮਤ ਰਹੱਸ ਭਰੇ ਕਥਾ ਤੇ ਵਖਿਆਨ

ਗੁਰੂ ਖਾਲਸਾ ਜੀਓ !

ਇਹ ਪ੍ਰਗਟ ਹੀ ਹੈ ਕਿ, ਮੁਰਦਾ ਕੌਮ ਵਿਚ ਜੀਵਨ ਦੀ ਰੂਹ ਫੂਕਣ ਵਾਲੇ ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਣ ਪਿਛੋਂ ਮਾਛੀਵਾੜ ਦ ਕੰਡਿਆਲੇ ਜੰਗਲਾਂ ਨੂੰ ਚੀਰਦਿਆਂ ਹੋਇਆਂ, ਮਾਲਵੇ ਦੇ ਜੂਹਾਂ ਬੇਲਿਆਂ ਵਿਚੋਂ ਦੀ, ਪ੍ਰਵਾਰ ਵਿਛੋੜੇ ਦੇ ਬਿਖੜੇ ਦਿਨ ਗੁਜ਼ਾਰਦਿਆਂ ਮੁਕਤਸਰ ਦੇ ਟੁੱਟੀ ਗੰਢਣ ਵਾਲੇ ਯੁਧ ਸੰਗਰਾਮ ਪਿਛੋਂ ਜਿਥੇ ਆ ਕੇ ਕਮਰਕੱਸਾ ਖੋਲ੍ਹਿਆ ਅਰਥਾਤ ਦਮ ਲਿਆ ਸੀ। ਉਸ ਅਸਥਾਨ ਦਾ ਓਸੇ ਸਮੇਂ ਤੋਂ ਸ੍ਰੀ ਦਮਦਮਾ ਸਾਹਿਬ ਨਾਮ ਪ੍ਰਸਿਧ ਹੈ। ਏਹੋ ਹੀ ਉਹ ਅਸਥਾਨ ਹੈ ਜਿਸ ਨੂੰ 'ਗੁਰੂ ਕਾਂਸ਼ੀ' ਦਾ ਵਰ ਬਖਸ਼ਿਆ ਸੀ ਅਤੇ ਲਿਖਣਸਰ ਸਰੋਵਰ ਤੇ ਬੁੰਗਾ ਉਹ ਸਥਾਨ ਹੈ ਜਿਥੇ ਪੱਟੀ ਲਿਖਣੀ ਸਿੱਖਕੇ ਅਨੇਕਾਂ ਗੁਰਮਤ ਵੇਤੇ ਹੁੰਦੇ ਰਹ ਹਨ। ਏਹੋ ਹੀ ਉਹ ਸਥਾਨ ਹੈ ਜਿਥੇ ਦਸਮੇਸ਼ ਜੀ ਨੇ ਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਅਰਥ ਪੜ੍ਹਾਇ ਸਨ ਜਿਸ ਤੋਂ ਦਮਦਮੀ ਟਕਸਾਲ ਅਰੰਭ ਹੋਈ।

ਏਸੇ ਤਲਵੰਡੀ ਸਾਬੋ ਦੇ ਸਥਾਨ ਉਤੇ ਦਸਮੇਸ਼ ਜੀ ਨੇ ਨੌ ਮਹੀਨੇ ਤੋਂ ਵੱਧ ਅਰਸਾ ਟਿਕ ਕੇ, ਜਿਥੇ ਅਨੇਕਾਂ ਕੌਤਕ ਕੀਤੇ, ਓਥੇ ਜਦੋਂ ਵਰ੍ਹਿਆਂ ਪਿਛੋਂ ਖਾਲਸੇ ਦੇ ਮੁੜ ਦੀਦਾਰੇ ਲਗੇ ਤਾਂ ਆਪ ਜੀ ਨੇ 'ਆਏ ਦੀਦਾਰ ਲਗੋ ਨੇ' ਦੀ ਮਾੜ ਉਚਾਰਨ ਕੀਤੀ। ਏਥੇ ਹੀ ਮਾਲਵੇ ਦੇ

www.AKJ.Org

ਦੀਵਾਨੇ ਸਾਧਾਂ ਦੀਆਂ ਮਾੜ੍ਹਾਂ ਦੇ ਕਈ ਦਰਬਾਰ ਮਘੇ, ਏਥੇ ਹੀ ਹਜ਼ਾਰਾਂ ਸਿੰਘਾਂ ਨੂੰ ਅਨੰਦਪੁਰ ਪਿਛੋਂ ਮੁੜ ਅੰਮ੍ਰਿਤ ਛਕਾਇਆ। ਭਾਈ ਡਲੇ ਨੇ ਕਿਹਾ, ਜੀ ਪਾਤਸ਼ਾਹ ਆਪਣੇ ਚਰਨਾਂ ਵਿਚ ਪੀੜੀ ਜਿੰਨੀ ਥਾਂ ਰਖਣੀ, ਦਸਮੇਸ਼ ਜੀ ਨੇ ਕਿਹਾ ਭਾਈ ਡੱਲਿਆ ਇਹ ਜਗ੍ਹਾ ਅੰਮ੍ਰਿਤ ਛਕੇ ਬਿਨਾਂ ਨਹੀਂ ਮਿਲਣੀ। ਇਸ ਤਰਾਂ ਭਾਈ ਡਲੇ ਦਾ ਪਰਵਾਰ ਅੰਮ੍ਰਿਤਧਾਰੀ ਹੋਇਆ ਫੂਲਕੀਆਂ ਸਟੇਟਾਂ ਦੇ ਵਡਿਕੇ ਰਾਮਾਂ ਤਿਲੋਕਾ ਸਿੰਘ ਸਜੇ ਭਾਈ ਰੂਪ ਚਦ ਦੇ ਪ੍ਰਵਾਰ ਨੇ ਵੀ ਏਥੇ ਹੀ ਅੰਮ੍ਰਿਤ ਛਕਿਆ ਸੀ।

ਖਾਲਸਾ ਜੀ ! ਏਹੋ ਹੀ ਉਹ ਪਵਿਤ੍ਰ ਸਥਾਨ ਹੈ ਜਿਥੇ ਵਿਛੜੀਆਂ ਹੋਈਆਂ ਮਾਤਾਵਾਂ ਭ ਈ ਮਨੀ ਸਿੰਘ ਸਮੇਤ ਦਿਲੀ ਤੋਂ ਪੁਜੀਆਂ ਸੀ। ਜਿਨ੍ਹਾਂ ਦੇ ਦਰਵੇਸ਼ਾਨ ਨਾਲ ਪੁਛਣ ਤੋਂ ਕਿ ਸਾਡੇ ਚਾਰੇ ਲਾਲ ਕਿਥੇ ਹਨ, ਦਸਮੇਸ਼ ਜੀ ਨੇ ਖਾਲਸੇ ਨੂੰ ਮਾਤਾ ਸਾਹਿਬਾਂ ਦੀ ਝੋਲੀ ਵਿਚ ਪਾਉਂਦਿਆਂ ਕਿਹਾ ਸੀ।

**ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।**

ਆਦਿ ਬੀੜ ਦੀ ਰਚਨਾ ਪਿਛੋਂ ਜਿਸ ਕਿਸਮ ਦੀਆਂ ਬੀੜਾਂ ਦੀ ਰਚਨਾ ਮਨਮੌਜੀ ਲਖਕਾਂ ਨੇ ਕਰਨੀ ਅਰੰਭੀ ਹੋਈ ਸੀ, ਉਸ ਨੇ ਇਕ ਤਰਾਂ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੀਣਕਤਾ ਖਤਮ ਕਰ ਦਿਤੀ ਸੀ, ਕਿਸੇ ਨੇ ਕੋਈ ਸ਼ਬਦ ਲਿਖ ਲਏ ਸਨ, ਕਿਸੇ ਨੇ ਕੋਈ ਹੋਰ ਰਚਨਾ ਚੜਾ ਲਈ ਸੀ ਬਲਕਿ ਗੁਰੂ ਦੋਖੀਆਂ ਨੇ ਟਾਕਰੇ ਦੇ ਗ੍ਰੰਥ ਵੀ 'ਨਾਨਕ' ਨਾਮ ਪਾ ਕੇ ਬਨਾ ਲਏ ਸਨ, ਨੌਵੇਂ ਪਾਤਸ਼ਾਹ ਦੀ ਬਾਣੀ ਲਿਖਣ ਵਿਚ ਤਾਂ ਬੇਹੱਦ ਲਾ-ਪ੍ਰਵਾਹੀ ਵਰਤੀ ਜਾ ਰਹੀ ਸੀ, । ਸ੍ਰੀ ਦਸਮੇਸ਼ ਜੀ ਨੇ ਇਹ ਗੜਬੜ ਖਤਮ ਕਰਨ ਲਈ ਪੂਰਨ ਪ੍ਰਮਾਣੀਕ ਬੀੜ ਦੀ ਏਥੇ ਰਚਨਾ ਕਰਕੇ, ਸਭ ਬੀੜਾਂ ਦੇ ਭੇਦਾਂ ਅਤੇ ਕਚੀਆਂ ਬਾਣੀਆਂ ਛਡ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਫਿਰ ਪੂਰਨ ਰੂਪ ਵਿਚ ਸ਼ੁਧ ਸਰੂਪ ਕੁੰਦਨ ਦਾ ਰੂਪ ਦਿਤਾ, ਏਹੋ ਹੀ ਤਖਤ ਹੈ ਜਿਸਦੇ ਉਤਾਰੇ ਏਥੋਂ ਮੁਖ ਧਾਮਾਂ ਨੂੰ ਭੇਜ ਕੇ ਤਖਤਾਂ ਦੀ ਰਚਨਾ ਅਤੇ ਪ੍ਰਮਾਣੀਕ ਬੀੜ ਮੰਨਣ ਦਾ ਹੁਕਮ ਕੀਤਾ ਸੀ। ਜਿਸ ਬਾਰੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਵਿਸਥਾਰ ਨਾਲ ਦਸਿਆ ਗਿਆ ਹੈ। ਅਤੇ ਪ੍ਰਾਚੀਨ ਸਫਰਾਂ ਦੀਆਂ ਸਾਖੀਆਂ ਦੀ ਪਥੀ ਵਿਚ ਜਿਸ ਦਾ ਇਉਂ ਵਰਨਣ ਹੈ : ਵੈਸਾਖੀ ਤੋਂ ਬੀੜ ਲਗੇ ਲਿਖਣ, ਉਤਾਰੇ ਵੀ ਹੋਵਣ ਬੀੜ ਦੇ, ਪੂਰਨ ਹੋਣ ਤੇ ਭਾਰੀ ਯੱਗ ਕੀਤਾ ਭਾਦੋਂ ਵਦੀ ਤੀਜ ਨੋ, ਏਕਮ ਤੋਂ ਬਹੁਤ ਉਤਸ਼ਾਹ ਹੋਇਆ। ਕੜਾਹ ਪ੍ਰਸ਼ਾਦ ਦੀ ਦੇਗ ਵਰਤੀ, ਤਰਾ ਤਰੀ ਅੰਮ੍ਰਿਤ ਛਕਾਇ ਚੁਰਾਸੀ ਕੱਟੀ ਖਾਲਸੇ ਦੀ ਤਾਂ ਬੜੇ ਬਰ ਦੀਨੇ ਇਸ ਅਸਥਾਨ ਕਉ।

ਜਿਥੇ ਗੁਰੂ ਘਰ ਦੇ ਸ਼ਰੀਕਾਂ ਨੇ ਆਪਣੇ ਗ੍ਰੰਥ ਬਣਾ ਲਏ ਸੀ ਉਥੇ ਭੋਲੀ ਭਾਲੀ ਜਨਤਾ ਤੋਂ ਪੂਜਾ ਬਟੋਰਨ ਲਈ ਆਪਣੇ ਕਈ ਧਾਮ ਵੀ ਮੁਕੱਰਰ ਕਰ ਲਏ ਸਨ, ਜਿਨ੍ਹਾਂ ਵਿਚੋਂ ਕਈ ਦੀ ਮਾਨਤਾ ਤਾਂ ਹੁਣ ਤਕ ਵੀ ਘੱਟ ਨਹੀਂ। ਸ੍ਰੀ ਦਸਮੇਸ਼ ਜੀ ਨੇ ਪੰਥ ਦੇ ਮੁਖ ਧਾਮਾਂ ਨੂੰ ਜਿਨ੍ਹਾਂ ਵਿਚੋਂ ਅਕਾਲ ਤਖਤ ਸਾਹਿਬ ਗੁਰੂ ਹਰਿਗੋਬਿੰਦ ਜੀ ਨੇ ਸਥਾਪਿਤ ਕੀਤਾ ਸੀ, ਬਾਕੀ ਤਖ਼ਤਾਂ ਦੀ ਏਥੇ ਹੀ ਸਥਾਪਨਾ ਕੀਤੀ ਤੇ ਇਕ ਨਕਲ ਨਦੇੜ ਅਬਚਲ ਨਗਰ ਨਾਲ ਲੈ ਕੇ ਗਏ। ਜਿਸ ਨੂੰ ਗੁਰਮਤਾ ਅਰਪਨ ਕਰ ਕੇ ਤਖ਼ਤ ਚੰਵਰ ਦੇ ਮਾਲਕ ਦੇ ਪਦ ਉਤੇ ਸਦਾ ਲਈ ਸਥਾਪਿਤ ਕਰ ਦਿਤਾ ਇਉਂ **ਦਮਦਮੀ ਬੀੜ** ਦੀ ਜੋ ਮਹਾਨਤਾ ਹੈ ਉਹ ਅਤਿਅੰਤ ਮਹੱਤਵ ਤੇ ਗੌਰਵਤਾ ਭਰੀ ਹੈ।

ਹੁਣ ਜਦੋਂ ਕਿ ਦਮਦਮੀ ਬੀੜ ਦੀ ਪ੍ਰਮਾਣੀਕਤਾ ਮੁਖ ਰੱਖ ਕੇ ਸ਼ਰੋਮਣੀ ਗੁਰਦੁਆਰਾ ਕਮੇਟੀ ਨੇ ਅਗੋਂ ਤੋਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਏਸੇ ਬੀੜ ਦੇ ਸਰੂਪ ਨਾਲ ਸੋਧ ਕੇ ਛਾਪਣ ਦਾ ਪੰਥਕ ਫ਼ੈਸਲਾ ਕਰ ਕੇ ਅਮਲ ਅਰੰਭ ਦਿਤਾ ਹੈ, ਅਤੇ ਤਖ਼ਤ ਦਮਦਮਾ ਸਾਹਿਬ ਨੂੰ ਸਰਬ ਸੰਮਤੀ ਨਾਲ ਗੁਰਮਤਾ ਕਰ ਕੇ ਉਸਦਾ ਅਸਲੀ ਅਸਥਾਨ ਦੇ ਦਿਤਾ ਗਿਆ ਹੈ ਤਾਂ ਪੰਥ ਹਿਤੈਸ਼ੀਆਂ ਨੇ ਉਦਮ ਕੀਤਾ ਹੈ ਇਸ ਸਾਲ ਤੋਂ ਇਹ ਇਤਿਹਾਸਕ ਦਿਨ ਪੂਰੀ ਧੂਮ ਧਾਮ ਨਾਲ ਪਰ ਗੁਰਮਤ ਪ੍ਰਭਾਵੀ ਬਣਾ ਕੇ ਮਨਾਇਆ ਜਾਇਆ ਕਰੇ।

(ਬਾਕੀ ਅਗਲੇ ਪੰਨੇ ਤੇ)

www.AKJ.Org

( ਪਿਛਲੇ ਸਫ਼ੇ ਦੀ ਬਾਕੀ )

ਗਿਆਨੀ ਗੁਰਦਿਤ ਸਿੰਘ ਜੀ ਦੇ ਉਦਮ ਨਾਲ, ਜਿਨ੍ਹਾਂ ਨੇ ਦਮਦਮੇ ਵਾਲੀ ਬੀੜ ਅਤੇ ਤਖ਼ਤ ਦਮਦਮਾ ਬਾਰੇ ਆਪਣੀਆਂ ਖੋਜਾਂ ਤੇ ਵਿਦਵਤਾ ਭਰੇ ਭਾਸ਼ਣਾਂ ਤੇ ਲੇਖਾਂ ਨਾਲ ਦੋਵੇਂ ਮਸਲੇ ਨਜਿੱਠਣ ਹਿੱਤ ਭਾਰੀ ਹਿੱਸਾ ਪਾਇਆ ਹੈ, ਇਸ ਵਾਰੀ ਇਹ ਸਮਾਗਮ ਅਗੇ ਦਿਤੇ ਜਾ ਰਹੇ ਪ੍ਰੋਗਰਾਮ ਮੁਤਾਬਕ ਮਨਾਇਆ ਜਾ ਰਿਹਾ ਹੈ। ਆਸ਼ਾ ਹੈ ਇਲਾਕੇ ਦੀਆਂ ਸੰਗਤਾਂ ਭਾਰੀ ਉਤਸ਼ਾਹ ਨਾਲ ਇਹ ਉਤਸ਼ਵ ਮਨਾਉਣ ਤੇ ਗੁਰਮਤ ਪਰਚਾਰ ਦੇ ਲਾਭ ਉਠਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੀਆਂ।

## -+ ਪਰੋਗਰਾਮ +-

੭ ਸਤੰਬਰ, ਸ਼ਨੀਵਾਰ—ਪਟਿਆਲੇ ਤੋਂ ਅਤੇ ਹੋਰਨਾਂ ਥਾਵਾਂ ਤੋਂ ਸੰਗਤਾਂ ਖ਼ਾਸ ਕਰ ਕੇ ਅਖੰਡ ਕੀਰਤਨੀ ਜਥੇ ਸ਼ਾਮ ਤਕ ਪੁਜਣਗੇ ਤੇ ਸ਼ਾਮ ਨੂੰ ਤਖ਼ਤ ਸਾਹਿਬ ਉਤੇ ਸੋਦਰ ਦੀ ਚੌਕੀ ਤੇ ਕੀਰਤਨ ਹੋਣਗੇ।

੮ ਸਤੰਬਰ, ਐਤਵਾਰ—ਸਵੇਰੇ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ, ਉਪਰੰਤ ਭਾ. ਸਾਹਿਬ ਮਹਿੰਦਰ ਸਿੰਘ ਜੀ ਪਟਿਆਲੇ ਵਾਲੇ 'ਗੁਰਿ ਸਚੇ ਤਖ਼ਤ ਰਚਾਇਆ ਬੈਠਣ ਕਉ ਜਾਈ' ਮਜ਼ਮੂਨ ਉਤੇ ਮਨੋਹਰ ਕੀਰਤਨ ਕਰਨਗੇ। ਕੀਰਤਨ ਪਿਛੋਂ 'ਤਖ਼ਤਾਂ ਦਾ ਮਹੱਤਵ ਅਤੇ ਤਖ਼ਤ ਦਮਦਮਾ' ਵਿਸ਼ ਉਤੇ ਗਿਆਨੀ ਗੁਰਦਿੱਤ ਸਿੰਘ ਜੀ ਦਾ ਖੋਜ ਭਰਿਆ ਭਾਸ਼ਨ ਹੋਵੇਗਾ। ਸ਼ਾਮ ਨੂੰ ਰਾਤ ਦੇ ਦਸ ਵਜੇ ਤਕ ਅਖੰਡ ਕੀਰਤਨੀ ਜਥੇ 'ਆਏ ਦੀਦਾਰ ਲਗੋ ਨੇ' ਖਾਲਸੇ ਦੀ ਮਹੱਤਤਾ ਤੇ ਜਸ ਭਰੇ ਸ਼ਬਦਾਂ ਦਾ ਲੜੀ ਬੱਝਵਾਂ ਰਸ ਰੰਗ ਭਰਿਆ ਕੀਰਤਨ ਕਰਨਗੇ।

੯ ਸਤੰਬਰ, ਸੋਮਵਾਰ—ਦਮਦਮੀ ਬੀੜ ਦੇ ਪ੍ਰਕਾਸ਼ ਉਤਸ਼ਵ ਦੇ ਸਮੇਂ ਅਖੰਡ ਕੀਰਤਨੀ ਜਥਿਆਂ ਦੇ ਕੀਰਤਨ ਦਾ ਵਿਸ਼ਾ ਹੋਵੇਗਾ 'ਬਾਣੀ ਗੁਰੂ ਗੁਰੂ ਹੈ ਬਾਣੀ' ਤੇ ਮੁਖ ਕੀਰਤਨੀਏ ਹੋਣਗੇ ਭਾ: ਸਾਹਿਬ ਮਹਿੰਦਰ ਸਿੰਘ ਪਟਿਆਲੇ ਵਾਲੇ, ਭਾ: ਮੋਹਰ ਸਿੰਘ ਦਿਲੀ ਵਾਲੇ, ਬੀਬੀ ਭੁਪਿੰਦਰ ਕੌਰ ਕਰਨਾਲ, ਬੀਬੀ ਕ੍ਰਿਪਾਲ ਕੌਰ ਪਟਿਆਲਾ, ਕੀਰਤਨ ਪਿਛੋਂ ਗਿਆਨੀ ਗੁਰਦਿੱਤ ਸਿੰਘ ਜੀ ਦਾ ਵਿਦਵਤਾ ਭਰਿਆ ਭਾਸ਼ਣ ਹੋਵੇਗਾ। **'ਪੂਰਨ ਪਰਮਾਣੀਕ ਦਮਦਮੀ ਬੀੜ।'**

ਦਮਦਮੇ ਸਾਹਿਬ ਦੀ ਟਕਸਾਲ ਦੇ ਗੁਰਮੁਖ ਸੰਤ ਮਹਾਤਮਾ ਭਿੰਡਰਾਂ ਵਾਲੇ ਜਥੇ ਦੇ ਗਿਆਨੀ ਆਪੋ ਆਪਣੇ ਵਿਚਾਰ ਤੇ ਸਰਧਾਂਝਲੀਆਂ ਭੇਟ ਕਰਨਗੇ। ਗਿ: ਦਲੀਪ ਸਿੰਘ ਕਥਾ ਵਾਚਕ ਸ੍ਰੀ ਹਰਿਮੰਦਰ ਸਾਹਿਬ ਦੋਵੇਂ ਦਿਨ ਕਥਾ ਕਰਨਗੇ। ਪੰਥਕ ਮੁਖੀ ਸ਼੍ਰੋਮਣੀ ਕਮੇਟੀ ਦੇ ਮੈਂਬਰ, ਧਰਮ ਪ੍ਰਚਾਰ ਕਮੇਟੀ ਦੇ ਸਿਰਕਰਦਾ ਸੱਜਣ ਵੀ ਇਸ ਸਮਾਗਮ ਵਿਚ ਪੁਜਣਗੇ।

**ਅੰਮ੍ਰਿਤ ਸੰਚਾਰ ਦਾ ਪ੍ਰਬੰਧ**—ਐਤਵਾਰ ਵਾਲੇ ਦਿਨ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਪੰਜ ਪਿਆਰਿਆਂ ਵਲੋਂ ਹੀ ਕੀਤਾ ਜਾਵੇਗਾ ਅਤੇ ਅੰਮ੍ਰਿਤ ਸੰਚਾਰ ਹੋਵੇਗਾ ਮਾਤਾ ਸਾਹਿਬ ਕੌਰ ਜੀ ਦੇ ਬੁੰਗੇ ਵਿਖੇ ਜਿਥ ਲਗੇ ਹੋਏ ਦੀਵਾਨ ਵਿਚ ਦਸਮੇਸ਼ ਜੀ ਨੇ ਖਾਲਸੇ ਨੂੰ ਪੁਤਰਾਂ ਨਾਲੋਂ ਵਧ ਪਿਆਰਾ ਸਮਝਕੇ ਮਾਤਾਵਾਂ ਦੀ ਕੁੱਛੜ ਵਿਚ ਪਾਇਆ ਸੀ।

## ਖਾਲਸਾ ਜੀ ਅਖੰਡ ਕੀਰਤਨੀ ਜਥਿਆਂ ਦਾ ਕੀਰਤਨ ਅਤੇ ਮਨੋਹਰ ਧਾਰਮਕ ਰਹਸ ਭਰਿਆ ਸਮਾਗਮ ਦੇਖਣ ਲਈ ਜ਼ਰੂਰ ਪੁਜੋ।

ਦਮਦਮਾ ਸਾਹਿਬ ਬਠਿੰਡੇ ਤੋਂ ਨਜ਼ਦੀਕ ਹੀ ਹੈ। ਹਰ ਸਮੇਂ ਦਿਨੇ ਬਸ ਮਿਲਦੀ ਹੈ। ਸੰਗਤਾਂ ਦੇ ਰਹਿਣ ਤੇ ਲੰਗਰ ਦਾ ਪ੍ਰਬੰਧ ਹੋਵੇਗਾ।

—ਸੰਗਤਾਂ ਦਾ ਸੇਵਕ—

ਮੈਨੇਜਰ, ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, (ਬਠਿੰਡਾ)



www.AKJ.Org

(ਸਫ਼ਾ ੬ ਦੀ ਬਾਕੀ)

ਲਓ ਅਗੇ ਤਾਂ ਭਗਤੀ ਹੀ ਭਗਤੀ ਸੀ, ਹੁਣ ਛੇਵਾਂ ਜਾਮਾ ਧਾਰ ਕੇ ਮੀਰੀ ਤੇ ਪੀਰੀ ਦੋਨੋਂ ਸਬਕ ਕਾਮਲ ਮੁਰਸ਼ਦ ਨੇ ਵਰਤਾ ਕੇ ਸਿਖਾਏ ਜੋ ਕਿ ਦੁਨੀਆਂ ਦੇ ਵਾਸਤੇ ਨਵੀਂ ਚੀਜ਼ ਸੀ ਤੇ ਦੋਨੋਂ ਰਸਤੇ ਇਕ ਦੂਸਰੇ ਤੋਂ ਵੱਖਰੇ ਸਨ, ਦਿਆ ਤੇ ਧਰਮ ਸ਼ਕਤੀ ਤੇ ਭਗਤੀ ਮੀਰੀ ਤੇ ਪੀਰੀ ਇਕ ਹਥ ਸਿਮਰਨਾ ਦੂਜੇ ਹਥ ਦੁਖੀਆਂ ਦੀ ਸਹਾਈ. ਦੁਸ਼ਟਾਂ ਦੀ ਦਵਾਈ, ਪਾਪੀਆਂ ਦੀ ਸੁਧਾਈ ਤਲਵਾਰ, ਇਸ ਚੀਜ਼ ਨੂੰ ਕੱਠਾ ਕਰ ਕੇ ਵਰਤਾ ਕੇ ਦਸ ਦਿਤਾ, ਅਕਾਲ ਤਖ਼ਤ ਸਾਹਿਬ ਵਿਚ ਜੋਤ ਜਗਾ ਕੇ ਸਿਖਾਂ ਨੂੰ ਰਾਜ ਕਾਨੂੰਨ ਸਰਬ ਵਰਤੇ ਦਸੇ, ਤੇ ਬੰਦੀਆਂ-ਗੁਲਾਮਾਂ ਨੂੰ ਸੁਤੰਤ੍ਰਤਾ ਬਖਸ਼ ਕੇ ਬੰਦੀਛੋੜ ਨਾਮ ਸਦਵਾਇਆ। ਹੁਣ ਸਤਵੇਂ ਜਾਮੇ ਆ ਕੇ ਸਿਖਾਂ ਨੂੰ ਰਾਜ ਬਖਸ਼ੇ ਤੇ ਬਹੁਤ ਉਚੇ ਕੀਤਾ ਜਾ ਕੀਰਤਪੁਰ ਸਾਹਿਬ ਜੋਤ ਜਗਾਈ। ਅਠਵੀਂ ਜੋਤ ਵਿਚ ਦੁਖੀਆਂ ਦੇ ਦੁਖ ਹਰੇ ਤੇ 'ਜਿਸ ਡਿਠਿਆ ਸਭ ਦੁਖ ਜਾਇ' ਦਾ ਕਾਰਜ ਕੀਤਾ ਤੇ ਗੂੰਗੇ ਕਹਾਰਾਂ ਕੋਲੋਂ ਗੀਤਾ ਦੇ ਅਰਥ ਕਰਾਏ ਸੰਸਾਰ ਦੇ ਅਗੇ ਮਿਸਾਲ ਕਾਇਮ ਕੀਤੀ। ਹੁਣ ਨਾਵਾਂ ਜਾਮਾ ਪਾ ਕੇ ਅਨੰਦਪੁਰ ਸਾਹਿਬ ਆ ਬੈਠੇ ਤੇ ਬਾਣੀ ਵੈਰਾਗ ਦੀ ਹਜ਼ੂਰ ਨੇ ਉਚਰੀ। ਵਕਤ ਦੀ ਜ਼ਾਲਮ ਹਕੂਮਤ ਨਾਲ ਗ਼ਰੀਬਾਂ, ਅਨਾਥਾਂ, ਦੁਖੀਆਂ ਬ੍ਰਾਹਮਣਾਂ ਦੀ ਰਖਸ਼ਾ ਖ਼ਾਤਰ ਹਜ਼ੂਰ ਨੇ 'ਠੀਕਰ ਫੋਰ ਦਲੀਸ ਸਿਰ ਪ੍ਰਭ ਪੁਰ ਕੀਓ ਪਿਆਨ ਤੇਗ ਬਹਾਦਰ ਸੀ ਕਿਰਯਾ ਕਰੀ ਨ ਕਿਨਹੂ ਆਨ। ਤੇਗ ਬਹਾਦਰ ਕੇ ਚਲਤ ਭਇਆ ਜਗਤ ਕੋ ਸੋਕ। ਹੈ ਹੈ ਹੈ ਸਭ ਜਗ ਭਇਓ ਜੈ ਜੈ ਜੈ ਸੁਰ ਲੋਕ।' ਤੇ ਅਦੁੱਤੀ ਕੁਰਬਾਨੀ ਕਰ ਕੇ ਡੁਬਦਾ ਹਿੰਦ ਬਚਾ ਗਏ। ਹੁਣ ਸੋਢੀ ਸੁਲਤਾਨ ਪਾਤਸ਼ਾਹ ਦਸਵਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਰਦ ਅਕਾਲ ਪੁਰਖ ਨੇ ਉਹ ਮਹਾਨ ਕੰਮ ਸੌਂਪਿਆ। ਸਚੇ ਪਾਤਸਾਹ ਜੀ ਨੇ ਆਪਣੇ ਪਿਆਰਿਆਂ ਤੋਂ ਸੀਸ ਮੰਗੇ ਜੋ ਕਿ ਹਸ ਕੇ ਖੁਸ਼ੀ ਨਾਲ ਪੰਜ ਪਿਆਰਿਆਂ ਨੇ ਅਰਪਨ ਕੀਤੇ, ਸੀਸ ਲੈ ਕੇ ਸੁਰਜੀਤ ਕਰ ਕੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਐਤਨੀ ਮੇਹਰ ਕੀਤੀ ਤੇ ਉਹਨਾਂ ਤੋਂ ਅੰਮ੍ਰਿਤ ਦੀ ਦਾਤ ਮੰਗ ਕੇ ਲਈ ਤੇ ਖ਼ਾਲਸਾ ਸਜੇ। ਹੁਣ ਸੋਚਣ ਵਾਲੀ ਗਲ ਇਹ ਹੈ ਕਿ ਸਚੇ ਪਾਤਸ਼ਾਹ ਦੇ ਨਾਲ ਸਿਖ ਦਾ ਕੀ ਸਬੰਧ ਹੈ ? ਸਭ ਤੋਂ ਪਹਿਲਾਂ ਤਾਂ ਪੰਜ ਪਿਆਰਿਆਂ ਨੂੰ ਗੁਰੂ ਦੀ ਪਦਵੀ ਦਿਤੀ, ਦੂਸਰਾ ਉਹਨਾਂ ਨੂੰ ਗੋਦੀ ਪਾ ਕੇ ਪੁਤ੍ਰ ਬਨਾਇਆ। ਸੰਸਾਰ ਵਿਚ ਪਿਓ ਪੁਤ੍ਰ ਦਾ ਰਿਸ਼ਤਾ ਜੋ ਸੀ ਓਹ ਗੰਢਿਆ, ਫੇਰ ਇਸ ਤੋਂ ਉੱਤੇ ਗਏ; ਪ੍ਰਸ਼ਾਦਿ ਵਰਤਾਣ ਤੋਂ ਪਹਿਲਾਂ ਉਹਨਾਂ ਦਾ ਹਿਸਾ ਹਮੇਸ਼ਾਂ ਕਢਣ ਦਾ ਹੁਕਮ ਦਿਤਾ, ਕਿਤੇ ਇਹ ਨਹੀਂ ਕਿਹਾ ਕਿ ਚਾਰ ਸਾਹਿਬਜ਼ਾਦਿਆਂ ਦਾ ਹਿੱਸਾ ਕਢੋ। ਫੇਰ ਇਸ ਤੋਂ ਉਚੇ ਇਹ ਕੀਤਾ ਸਰਬੰਸ ਤੇ ਪੁਤ੍ਰ ਇਹਨਾਂ ਤੋਂ ਵਾਰ ਦਿਤੇ। ਸੋ ਇਹ ਸੰਸਾਰੀ ਪਿਉ ਪੁਤ੍ਰ ਤੋਂ ਵੀ ਉਚਾ ਗਿਆ ਜਿਨ੍ਹਾਂ ਤਨ ਦੇ ਖ਼ੂਨ ਦੇ ਪੁਤ੍ਰ ਗੋਦੀ ਪਾਏ ਪੁਤ੍ਰਾਂ ਤੋਂ ਵਾਰ ਦਿਤੇ, ਤੇ ਅਖੀਰ ਇਥੋਂ ਤਕ ਕਹਿ ਦਿਤਾ : 'ਮੋਹਿ ਗ੍ਰਹ ਮੈ ਤਨ ਤੇ ਮਨ ਤੇ ਧਨ ਲਓ ਸਭ ਹੀ ਇਨਹੀ ਕੋ।'

ਹੁਣ ਦਸੋ ਸੰਸਾਰਕ ਡਿਕਸ਼ਨਰੀ ਵਿਚ ਹੈ ਕੋਈ ਲਫਜ਼ ਕਿ ਵਡੇ ਤੋਂ ਵਡਾ ਕੀ ਸੰਬਧ ਹੈ ਸਤਿਗੁਰੂ ਜੀ ਦਾ ਸਿਖ ਨਾਲ,ਅਸੀਂ ਕਲਗੀ ਧਰ ਪਿਤਾ ਕੈਂਦੇ ਹਾਂ ਪਰ ਓਹ ਤਾਂ ਉਸ ਤੋਂ ਵੀ ਬਹੁਤ ਉਚਾ ਹੈ ਤੇ ਜਿਥੇ ਸਾਡੀ ਨਜ਼ਰ ਨਹੀਂ ਪਹੁੰਚ ਸਕਦੀ। ਨਾਵੀਂ ਜੋਤ ਤਕ ਮੇਹਰਾਂ ਬਖਸ਼ਸ਼ਾਂ ਨਾਲ ਗੁਰ ਸਿਖੀ ਚਲਦੀ ਸੀ ਭਾਈ ਲਫ਼ਜ਼ ਵਰਤਿਆ ਜਾਂਦਾ ਸੀ ਜਿਸ ਤਰ੍ਹਾਂ ਬ੍ਰਹਿਮ ਗਿਆਨੀ ਬਾਬਾ ਬੁਢਾ ਜੀ ਭਾਈ ਸਾਹਿਬ ਗੁਰਦਾਸ ਜੀ ਤੇ ਹੋਰ ਅਨੇਕਾਂ ਮਹਾਂ ਪੁਰਸ਼ ਪਰ ਦਸਮੇਂ ਜਾਮੇਂ ਆਕੇ ਤਾਂ ਆਪਨੀ ਗੋਦੀ ਵਿਚ ਪਾ ਲਿਆ ਮਾਤਾ ਮਹਾਨ ਯੋਗੀ ਜੀ ਸਾਹਿਬ ਕੌਰ ਜੀ ਦੀ ਬਖਸ਼ਸ਼ ਕੀਤੀ ਖਾਲਸਾ ਰੂਪ ਬਖਸ਼ ਕੇ ਹੁਕਮ ਕੀਤਾ ਖਾਲਸਾ ਮੇਰੋ ਰੂਪ ਹੈ ਖ਼ਾਸ ਖਾਲਸੇ ਮੈ ਹਉ ਕਰੂੰ ਨਿਵਾਸ ਅਸੀਂ ਭਾਵੇਂ ਕਿਨੇ ਨਲੈਕ ਬੇਅਦਬ ਹੋ ਗਏ ਹਾਂ ਪਰ ਪਿਤਾ 'ਸਬਨਾ ਗਲਾਂ ਲਾਇਕ' 'ਜੈਸੇ ਬਾਰਕ ਭਾਇ ਸੁਭਾਇ ਲਖ ਅਪ੍ਰਾਧ ਕਮਾਵੈ ਕਰ ਉਪਦੇਸ ਝਿੜਕੇ ਬਹੁ ਭਾਤੀ ਬਹੁੜ†


www.AKJ.Org

'SURA' Monthly 5 SEPTEMBER 1968 Regd. No. P 119

## ਕੇਸਾਂ ਦੀ ਮਹਾਨਤਾ ਬਾਰੇ ਅੰਗਰੇਜ਼ੀ ਤੇ ਹਿੰਦੀ ਵਿਚ ਦੋ ਟ੍ਰੈਕਟ

ਸਿਖ ਕਲਚਰਲ ਸੈਂਟਰ ਪਟਨਾ ਵਲੋਂ ਦੋ ਟਰੈਕਟ—ਇਕ ਅੰਗਰੇਜ਼ੀ ਵਿਚ ਤੇ ਇਕ ਹਿੰਦੀ ਵਿਚ-ਕੇਸਾਂ ਦੀ ਮਹਾਨਤਾ ਸਬੰਧੀ ਛਪ ਰਹੇ ਹਨ। ਵਧੀਆ ਕਾਗਜ਼ ਵਧੀਆ ਛਪਾਈ ਤੇ ਗੈਟ ਅਪ। ਸਰਵਰਕ ਆਰਟ ਪੇਪਰ ਤੇ। ਉਪਰ ਦੋ ਰੰਗੀ ਦਿਲ ਖਿਚਵੀਂ ਤਸਵੀਰ ਜੋ ਕੇਸਾਂ ਦੀ ਮਹਾਨਤਾ ਨੂੰ ਦਰਸਾਂਦੀ ਹੋਵੇਗੀ। ਸਾਈਜ਼ ਛੋਟਾ ਜੋ ਜੇਬ ਵਿਚ ਰਖਿਆ ਜਾ ਸਕੇ। ਇਹ ਟਰੈਕਟ ਗੁਰਸਿਖ ਲਿਟਰੇਚਰ ਵਿਚ ਇਕ ਮੀਲ ਪਥਰ ਹੋਣਗੇ। ਪ੍ਰਚਾਰ ਲਈ ਭਟਾ ਲਾਗਤ ਦੇ ਅਧਾਰ ਤੇ। 25 ਰੁਪੈ ਸੈਂਕੜਾ। ਜੇਕਰ ਅਖੀਰ ਤੇ ਅਸਲ ਖ਼ਰਚ ਘਟ ਆਇਆ ਤਾਂ ਭੇਟਾ ਵੀ ਉਸੇ ਹਿਸਾਬ ਨਾਲ ਘਟ ਕਰ ਦਿਤੀ ਜਾਵੇਗੀ ਤੇ ਓਨੀਆਂ ਕਾਪੀਆਂ ਵਾਧੂ ਘਲ ਦਿਤੀਆਂ ਜਾਣਗੀਆਂ। ਟਰੈਕਟ ਇਹ ਹਨ—

1. Probe into Mysterie's of Hair (ਅੰਗਰੇਜ਼ੀ)
2. ਸ: ਭਗਤ ਸਿੰਘ ਸ਼ਹੀਦ ਨਾਲ ਮੁਲਾਕਾਤਾਂ (ਹਿੰਦੀ)

ਆਰਡਰ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਭੇਜੇ ਜਾਣ। ਆਰਡਰ ਨਾਲ ਘਟੋ ਘਟ ਅਧੀ ਰਕਮ ਭੇਜ ਦਿਤੀ ਜਾਵੇ ਤਾਂ ਦਾਸ ਰਿਣੀ ਹੋਣਗੇ। ਇਸ ਨਾਲ ਛਪਾਈ ਜਲਦੀ ਹੋ ਸਕੇਗੀ ਆਰਡਰ ਇਸ ਪਤੇ ਤੇ ਘਲੇ ਜਾਣ:— **ਤਪੀਸ਼ਰ ਸਿੰਘ, ਕਨਵੀਨਰ ਸਿਖ ਕਲਚਰਲ ਸੈਂਟਰ,**

ਮਾਰਫਤ M. I. T. Mators, Budh Marg, PATNA-1

**ਪਾਠਕਾਂ ਪ੍ਰਤੀ :—** 'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ ਦਿਤੀ ਜਾਂਦੀ ਹੈ ਕਿ ਅਸੀਂ 'ਸੂਰਾ' ਰਾਹੀਂ ਕਈ ਵਾਰੀ ਬੇਨਤੀ ਕਰ ਚੁਕੇ ਹਾਂ ਕਿ ਜਿਨ੍ਹਾਂ ਜਿਨ੍ਹਾਂ ਸਜਣਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ, ਉਹ ਸ਼ੀਘਰ ਹੀ ਆਪਣੇ ਆਪਣੇ ਚੰਦੇ ਭੇਜਣ ਦੀ ਕ੍ਰਿਪਾਲਤਾ ਕਰਨ, ਤਾਕਿ ਉਹਨਾਂ ਦੇ ਨਾਮ ਅਗੋਂ ਲਈ 'ਸੂਰਾ' ਜਾਰੀ ਰਹਿ ਸਕੇ। ਮਾਇਆ ਕੇਵਲ ਮੈਨੇਜਰ 'ਸੂਰਾ' ਦੇ ਨਾਮ ਹੀ ਆਉਣੀ ਚਾਹੀਦੀ ਹੈ, ਕਿਸੇ ਜ਼ਾਤੀ ਨਾਮ ਤੇ ਨਾਂ ਭੇਜੀ ਜਾਵੇ, ਤਾਕਿ ਕੋਈ ਔਕੜ ਪੇਸ਼ ਨਾ ਆਵੇ।

ਸਾਲਾਨਾ ਚੰਦਾ ਦੇਸ—੬) ਰੁਪੈ ਪ੍ਰਦੇਸ—੧੦) ਰੁਪੈ ਲਾਈਫ਼ ਮੈਂਬਰ—੧੫੦) ਰੁਪੈ ਪ੍ਰਤੀ ਕਾਪੀ ੬੦ ਪੈਸੇ

ਪ੍ਰਦਸੀ ਵੀਰ ਹਵਾਈ ਜਹਾਜ਼ ਰਾਹੀਂ ਪਰਚਾ ਮੰਗਾਉਣ ਵਾਸਤੇ 25 ਰੁਪੈ ਫ਼ਾਲਤੂ ਭੇਜਣ।

ਮੈਨੇਜਰ, 'ਸੂਰਾ' ਰਾਘੋਮਾਜਰਾ, ਪਟਿਆਲਾ।

†ਪਿਤਾ ਗਲ ਲਾਵੇ 'ਅਵਗਨ ਕੋ ਨਾ ਚਿਤਾਰਦਾ' ਸੋ ਪਾਠਕ ਜੀ ਹੈ ਨਾ ਕਿਨਾ ਗਰਜ ਇਹ ਰਿਸ਼ਤਾ ਜਿਸਦਾ ਕੇ ਨਾਮ ਦੁਨਿਆਵੀ ਤਰੀਕਾ ਨਹੀਂ ਦਸਦੀ ਇਹ ਕਿਰਪਾ. ਬਖ਼ਸ਼ਸ਼ ਮੇਹਰ ਸਬ ਉਸਦੀ ਨਦਰ ਦਾ ਸਦਕਾ ਹੈ ਸੋ ਐਸਾ ਗੁਰੂ ਵਡਭਾਗੀ ਪਾਈਏ ਸਤਿਗੁਰੂ ਬਖਸਿੰਦ ਆਪ ਲੜ ਲਾਏ ਬੁਰੇ ਭਲੇ ਹਮ ਥਾਰੇ ਪ੍ਰਭ ਜੀ ਖ਼ਸਮਾ ਨਾ ਕਰ ਪਿਆਰੇ ਸੋ ਸਾਰੇ ਜਨੇ ਹਥ ਜੋੜ ਕ ਪ੍ਰਾਰਥਨਾ ਕਰੀਏ ਐ ਦਸਮੇਸ਼ ਪਿਤਾ ਆਪ ਜੀ ਨੇ ਕੀ ੨ ਨਹੀਂ ਕੀਤਾ ਸਾਡੇ ਵਾਸਤੇ ਪਹਿਲਾਂ ਹੇਮਕੁੰਡ ਸਾਹਿਬ ਵਿਚੋਂ ਆਕੇ ਸੰਸਾਰ ਜਗਤ ਜਲਦਾ ਰਖ ਲਿਆ ਤੇ ਕੁਰਬਾਨੀ ਤੇ ਸ੍ਰਬੰਸ ਪੁਤ੍ਰ ਰਾਜਭਾਗ ਅਨੰਦ ਦੀ ਪੁਰੀ ਸਬ ਕੁਛ ਵਾਰਕੇ ਪੰਥ ਗੋਦੀ ਪਾਇਆ ਪੰਥ ਨੂੰ ਗੋਦੀ ਪਾਨ ਵਾਸਤੇ ਤਨ ਮਨ ਧਨ ਕੁਰਬਾਨ ਕਰ ਦਿਤਾ ਸੋ ਐਸੇ ਗੁਰੂ ਨਾਲ ਤੁਸੀਂ ਸੋਚੋ ਕੇ ਸਿਖ ਦਾ ਕੀ ਸੰਬੰਧ ਹੈ ਉਸ ਸਬੰਧ ਨੂੰ ਕੇਹੜੇ ਲਫਜ਼ ਵਿਚ ਵਰਤਨਾ ਚਾਹੀਦਾ ਹੈ।

———

www.AKJ.Org